ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 25 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੧੨ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243





## ਐੱਸ.ਜੀ.ਪੀ.ਸੀ ਬੋਰਡ ਚੋਣਾਂ ਦੀ ਵੋਟਰ ਸੂਚੀ ਲਈ ਦਾਅਵੇ 'ਤੇ ਇਤਰਾਜ਼ ਦੀ ਮਿਤੀ ਵਧਾਈ

**ਅੰਮ੍ਰਿਤਸਰ, 24 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸਾਂ ਤਹਿਤ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮੋਗਾ ਵਿਸ਼ੇਸ਼ ਸਾਰੰਗਲ ਦੀ ਅਗਵਾਈ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਪ੍ਰਾਪਤ ਹੋਏ ਫਾਰਮਾਂ ਦੇ ਅਧਾਰ 'ਤੇ ਤਿਆਰ ਕੀਤੀ ਗਈ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 3 ਜਨਵਰੀ 2025 ਨੂੰ ਕਰ ਦਿੱਤੀ ਗਈ ਸੀ। ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਤੋਂ ਬਾਅਦ ਇਸ ਸੂਚੀ ਲਈ ਦਾਅਵੇ 'ਤੇ ਇਤਰਾਜ ਪ੍ਰਾਪਤ ਕਰਨ ਦਾ ਆਖਰੀ ਦਿਨ 24 ਜਨਵਰੀ 2025 ਰੱਖਿਆ ਗਿਆ ਸੀ, ਪਰੰਤੂ ਹੁਣ ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਪਾਸੋਂ ਪ੍ਰਾਪਤ ਹੋਏ ਆਦੇਸ਼ਾਂ ਤਹਿਤ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਮਿਤੀ 10 ਮਾਰਚ, 2025 ਤੱਕ ਵਧਾ ਦਿੱਤੀ ਗਈ ਹੈ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮੋਗਾ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਉਕਤ ਦੇ ਮੱਦੇਨਜ਼ਰ ਜੇਕਰ ਕਿਸੇ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀ ਵੋਟਰ ਸੂਚੀ ਸਬੰਧੀ ਕੋਈ ਦਾਅਵਾ (ਫਾਰਮ-1 ਕੇਸਾਧਾਰੀ ਸਿੱਖ ਲਈ) ਅਤੇ ਇਤਰਾਜ਼ (ਦਰਖਾਸਤ ਰਾਹੀਂ) ਜਮਾਂ ਕਰਵਾਉਣੀ ਹੈ ਤਾਂ ਉਹ ਸਬੰਧਤ ਰਿਵਾਇਜ਼ਿੰਗ ਅਥਾਰਿਟੀ ਪਾਸ ਇਸ ਮਿਤੀ ਤੱਕ ਦੇ ਸਕਦਾ ਹੈ। ਉਨ੍ਹਾਂ ਦੱਸਿਆ ਕਿ ਬੋਰਡ ਚੋਣ ਹਲਕਾ ਨੰਬਰ 22-ਧਰਕਮੋਟ ਦੀ ਰਿਵਾਇਜਿੰਗ ਅਥਾਰਟੀ ਐੱਸ.ਡੀ.ਐੱਮ. ਧਰਮਕੋਟ, 23-ਮੋਗਾ ਦੀ ਐੱਸ.ਡੀ.ਐੱਮ. ਦਫਤਰ ਮੋਗਾ, 24-ਬੱਧਨੀਂ ਕਲਾਂ ਤੇ 25-ਨਿਹਾਲ ਸਿੰਘ ਵਾਲਾ ਦੀ ਐੱਸ.ਡੀ.ਐੱਮ. ਨਿਹਾਲ ਸਿੰਘ ਵਾਲਾ, 26-ਬਾਘਾ ਪੁਰਾਣਾ ਦੀ ਐੱਸ.ਡੀ.ਐੱਮ. ਬਾਘਾ ਪੁਰਾਣਾ, 27-ਘੱਲ ਕਲਾਂ ਦੀ ਰਿਵਾਇਜਿੰਗ ਅਥਾਰਟੀ ਐੱਸ.ਡੀ.ਐੱਮ. ਮੋਗਾ ਹੈ।

## ਸੁਰੱਖਿਆ ਖੋਹੇ ਜਾਣ ਤੋਂ ਬਾਅਦ ਭੜਕੇ ਮੁੱਖ ਮੰਤਰੀ ਮਾਨ ਤੇ ਆਤਿਸ਼ੀ

# ਕੇਜਰੀਵਾਲ ਨੂੰ ਮਾਰਨ ਦੀ ਰਚੀ ਜਾ ਰਹੀ ਸਾਜ਼ਿਸ਼ ?

**ਨਵੀਂ ਦਿੱਲੀ, 24 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅਰਵਿੰਦ ਕੇਜਰੀਵਾਲ ਤੋਂ ਪੰਜਾਬ ਪੁਲਿਸ ਦੀ ਸੁਰੱਖਿਆ ਵਾਪਸ ਲੈ ਲਈ ਗਈ ਹੈ ਜਿਸ ਨੂੰ ਲੈ ਕੇ ਇਸ ਵੇਲੇ ਆਮ ਆਦਮੀ ਪਾਰਟੀ ਵੱਲੋਂ ਵੱਡੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ



ਮਾਨ ਨੇ ਕਿਹਾ ਕਿ ਕੇਜਰੀਵਾਲ ਦੀ ਸੁਰੱਖਿਆ 'ਚੋਂ ਪੰਜਾਬ ਪੁਲਿਸ ਨੂੰ ਹਟਾਉਣਾ ਵੱਡੇ ਸਵਾਲ ਖੜ੍ਹੇ ਕਰਦਾ ਹੈ। ਆਮ ਆਦਮੀ ਪਾਰਟੀ ਦਾ ਦੋਸ਼ ਹੈ ਕਿ ਚੋਣ ਪ੍ਰਚਾਰ ਦੌਰਾਨ ਕੇਜਰੀਵਾਲ 'ਤੇ ਕਈ ਵਾਰ ਹਮਲਾ ਹੋਇਆ ਹੈ। ਅਰਵਿੰਦ ਕੇਜਰੀਵਾਲ 'ਤੇ ਹੋਏ ਹਮਲੇ ਬਾਰੇ ਮੁੱਖ ਮੰਤਰੀ ਆਤਿਸ਼ੀ ਨੇ ਕਿਹਾ ਕਿ ਇਸ ਸਮੇਂ ਦਿੱਲੀ ਵਿੱਚ ਇੱਕ ਵੱਡੀ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਾਜ਼ਿਸ਼ ਕੇਜਰੀਵਾਲ ਨੂੰ ਮਾਰਨ ਲਈ ਰਚੀ ਜਾ ਰਹੀ ਹੈ। ਇਸ ਸਾਜ਼ਿਸ਼ ਵਿੱਚ ਦੋ ਖਿਡਾਰੀ ਹਨ, ਇੱਕ ਭਾਜਪਾ ਵਰਕਰ ਹੈ ਤੇ ਦੂਜਾ ਦਿੱਲੀ ਪੁਲਿਸ ਹੈ ਜੋ ਭਾਰਤੀ ਜਨਤਾ ਪਾਰਟੀ ਦੇ ਅਧੀਨ ਆਉਂਦੀ ਹੈ, ਦੋਵੇਂ ਹੀ ਸ਼ਾਮਲ ਹਨ। ਆਤਿਸ਼ੀ ਨੇ ਕਿਹਾ ਕਿ ਇਸ ਦੇਸ਼ ਦੇ ਇਤਿਹਾਸ ਵਿੱਚ ਕੀ ਕੋਈ ਅਜਿਹਾ ਵਿਅਕਤੀ ਸੀ ਜਿਸਨੂੰ ਜ਼ੈੱਡ-ਪਲੱਸ ਸੁਰੱਖਿਆ ਦੁਆਰਾ ਸੁਰੱਖਿਅਤ ਰੱਖਿਆ ਹੋਵੇ ਤੇ ਉਸਦੀ ਕਾਰ 'ਤੇ ਹਮਲਾ ਹੋਇਆ ਹੋਵੇ ? ਹੈਰਾਨੀ ਦੀ ਗੱਲ ਹੈ ਕਿ ਪੁਲਿਸ ਹਮਲਾਵਰਾਂ ਨੂੰ ਰੋਕਦੀ ਵੀ ਨਹੀਂ। ਇਹ ਦਿੱਲੀ ਵਿੱਚ ਇਸ ਲਈ ਹੋ ਰਿਹਾ ਹੈ ਕਿਉਂਕਿ ਦਿੱਲੀ ਪੁਲਿਸ, ਜੋ ਕੇਜਰੀਵਾਲ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ, ਅਮਿਤ ਸ਼ਾਹ ਦੇ ਅਧੀਨ ਕੰਮ ਕਰਦੀ ਹੈ। ਦੂਜੇ ਪਾਸੇ ਭਗਵੰਤ ਮਾਨ ਨੇ ਕਿਹਾ ਕਿ ਜਦੋਂ ਵੀ ਕੇਜਰੀਵਾਲ ਕਿਸੇ ਜਨਤਕ ਮੀਟਿੰਗ ਵਿੱਚ ਜਾਂਦੇ ਹਨ, ਤਾਂ ਕਈ ਵਾਰ ਉਨ੍ਹਾਂ 'ਤੇ ਤਰਲ ਪਦਾਰਥ ਸੁੱਟੇ ਜਾਂਦੇ ਹਨ ਤੇ ਕਈ ਵਾਰ ਪੱਥਰ ਸੁੱਟੇ ਜਾਂਦੇ ਹਨ। ਜੇ ਅਸੀਂ ਹਮਲਾਵਰਾਂ ਦਾ ਨਾਂਅ ਦੱਸਦੇ ਹਾਂ ਤਾਂ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਪੰਜਾਬ ਪੁਲਿਸ ਨੇ ਦਿੱਲੀ ਪੁਲਿਸ ਨੂੰ ਵੀ ਲਿਖਿਆ ਹੈ ਕਿ ਕੇਜਰੀਵਾਲ 'ਤੇ ਹਮਲਾ ਹੋ ਸਕਦਾ ਹੈ, ਫਿਰ ਵੀ ਪੰਜਾਬ ਪੁਲਿਸ ਦੀ ਸੁਰੱਖਿਆ ਹਟਾਉਣ ਦਾ ਹੁਕਮ ਦਿੱਤਾ ਗਿਆ ਸੀ। ਮਾਨ ਨੇ ਕਿਹਾ ਕਿ 26 ਜਨਵਰੀ ਨੂੰ ਧਿਆਨ ਵਿੱਚ ਰੱਖਦੇ ਹੋਏ 15 ਜਨਵਰੀ ਵਾਲੀ ਧਮਕੀ ਤੋਂ ਬਾਅਦ ਅਸੀਂ ਦਿੱਲੀ ਪੁਲਿਸ ਨਾਲ ਲਗਾਤਾਰ ਇੰਨਪੁੱਟ ਸਾਝਾਂ ਕਰ ਰਹੇ ਹਾਂ, ਫਿਰ ਵੀ ਅਰਵਿੰਦ ਕੇਜਰੀਵਾਲ ਜੀ ਦੀ ਸੁਰੱਖਿਆ 'ਚੋਂ ਪੰਜਾਬ ਪੁਲਿਸ ਨੂੰ ਹਟਾਉਣਾ ਵੱਡੇ ਸਵਾਲ ਖੜ੍ਹੇ ਕਰਦਾ ਹੈ। ਜ਼ਿਕਰ ਕਰ ਦਈਏ ਕਿ ਗ੍ਰਹਿ ਮੰਤਰਾਲੇ ਅਤੇ ਭਾਰਤ ਦੇ ਚੋਣ ਕਮਿਸ਼ਨ ਦੇ ਨਿਰਦੇਸ਼ਾਂ 'ਤੇ, ਦਿੱਲੀ ਪੁਲਿਸ ਨੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸੁਰੱਖਿਆ ਲਈ ਤਾਇਨਾਤ ਪੰਜਾਬ ਪੁਲਿਸ ਦੇ 22 ਵਿਸ਼ੇਸ਼ ਕਮਾਂਡੋਜ਼ ਨੂੰ ਹਟਾ ਦਿੱਤਾ ਹੈ। ਦਿੱਲੀ ਪੁਲਿਸ ਨੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਨੂੰ ਜ਼ੈੱਡ ਪਲੱਸ ਸੁਰੱਖਿਆ ਦਿੱਤੀ ਹੈ। ਇਸ ਅਧੀਨ 63 ਸਿਪਾਹੀ ਤਾਇਨਾਤ ਹਨ।

## ਡੱਲੇਵਾਲ ਦੀ ਸਿਹਤ ਨਾਲ ਹੋਵੇਗਾ ਖਿਲਵਾੜ ? 'ਡਾਕਟਰਾਂ ਤੋਂ ਕਰਵਾਇਆ ਜਾ ਰਿਹਾ ਝੂਠਾ ਪ੍ਰਚਾਰ', ਸੱਚਾਈ ਦੱਸਣ ਵਾਲੇ ਡਾ. ਸਵੈਮਾਨ ਦਾ ਸੋਸ਼ਲ ਮੀਡੀਆ ਬੈਨ

**ਨਵੀਂ ਦਿੱਲੀ, 24 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਚਾਹੇ ਪਹਿਲੇ ਕਿਸਾਨੀ ਅੰਦੋਲਨ ਦੀ ਗੱਲ ਕਰ ਲਈਏ ਜਾਂ ਫਿਰ ਹੁਣ ਜਗਜੀਤ ਸਿੰਘ ਡੱਲੇਵਾਲ ਵੱਲੋਂ ਕੀਤੇ ਜਾ ਰਹੇ ਮਰਨ ਵਰਤ ਵਿੱਚ ਸਭ ਤੋਂ ਜ਼ਰੂਰੀ ਭੂਮਿਕਾ ਨਿਭਾਉਣ ਵਾਲਿਆਂ ਵਿੱਚ ਡਾ, ਸਵੈਮਾਨ ਦਾ ਨਾਂਅ ਸਭ ਤੋਂ ਮੋਹਰੀਆਂ ਵਿੱਚੋਂ ਆਉਂਦਾ ਹੈ ਪਰ ਸਰਕਾਰ ਨੂੰ ਪਤਾ ਨਹੀਂ ਕਿਸਾਨਾਂ ਦੇ ਡਾਕਟਰ ਤੋਂ ਕੀ ਇਤਰਾਜ਼ ਹੈ ਕਿਉਂ ਹੁਣ ਉਨ੍ਹਾਂ ਦਾ ਸੋਸਲ਼ ਮੀਡੀਆ ਖਾਤੇ ਨੂੰ ਬੈਨ ਕਰ ਦਿੱਤਾ ਗਿਆ ਹੈ। ਦਰਅਸਲ, ਇੱਕ ਵਾਰ ਫਿਰ ਤੋਂ ਡਾਕਟਰ ਸਵੈਮਾਨ ਦਾ ਸੋਸ਼ਲ ਮੀਡੀਆ ਅਕਾਉਂਟ ਫੇਸਬੁੱਕ ਭਾਰਤ ਵਿੱਚ ਬੈਨ ਕਰ ਦਿੱਤਾ ਗਿਆ ਹੈ। ਜਿਸ ਤੋਂ ਬਾਅਦ ਉਨ੍ਹਾਂ ਨੇ ਸਰਕਾਰਾਂ 'ਤੇ ਸ਼ਬਦੀ ਵਾਰ ਕੀਤੇ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਸੱਚ ਸੁਣ ਕੇ ਰਾਜ਼ੀ ਨਹੀਂ ਹੈ ਅਤੇ ਸੱਚ ਬੋਲਣ ਦੀ ਸਜ਼ਾ ਵੱਜੋਂ ਉਨ੍ਹਾਂ ਦੇ ਪੇਜ ਬੈਨ ਕੀਤੇ ਜਾ ਰਹੇ ਹਨ। ਡਾਕਟਰ ਸਵੈਮਾਨ ਨੇ ਕਿਹਾ ਕਿ ਇੰਡੀਆ ਸਾਈਬਰ ਕ੍ਰਾਈਮ ਸੈਂਟਰ ਦੀ ਕਾਨੂੰਨੀ ਬੇਨਤੀ ਤੋਂ ਬਾਅਦ ਉਨ੍ਹਾਂ ਦਾ ਪੇਜ ਬੈਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਕਿਸਾਨਾਂ ਦੇ ਹੱਕ ਵਿੱਚ ਬੋਲਣ ਦੇ ਨਤੀਜੇ ਵੱਜੋਂ ਐਕਸ (ਪਹਿਲਾਂ ਟਵਿੱਟਰ) ਬੈਨ ਕੀਤਾ ਸੀ ਤੇ ਫੇਸਬੁੱਕ ਪੇਜ ਵੀ ਬੈਨ ਕੀਤਾ ਸੀ ਜਿਸ ਤੋਂ ਬਾਅਦ ਦੋਬਾਰਾ ਪੇਜ ਬਣਾਇਆ ਤਾਂ ਅੱਜ ਓਹ ਵੀ ਬੈਨ ਕਰ ਦਿੱਤਾ ਗਿਆ ਜਿਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਸਰਕਾਰਾਂ ਸੱਚ ਸੁਣ ਕੇ ਰਾਜ਼ੀ ਨਹੀਂ ਹੈ ਅਤੇ ਸੱਚ ਬੋਲਣ ਦੀ ਸਜ਼ਾ ਵੱਜੋਂ ਉਨ੍ਹਾਂ ਦੇ ਪੇਜ ਬੈਨ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਝੂਠੇ ਪ੍ਰਚਾਰ ਲਈ ਡਾਕਟਰਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਡਾ. ਸਵੈਮਾਨ ਨੇ ਕਿਹਾ ਕਿ ਅੱਜ ਡੱਲੇਵਾਲ ਜਿਸ ਕੇਂਦਰ ਦੀ ਸਰਕਾਰ ਖਿਲਾਫ ਮਰਨ ਵਰਤ 'ਤੇ ਬੈਠੇ ਹਨ, ਉਹ ਹੀ ਸਰਕਾਰ ਉਨ੍ਹਾਂ ਦਾ ਇਲਾਜ ਵੀ ਕਰ ਰਹੀ ਹੈ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਦਵਾਈਆ 'ਤੇ ਜਿਉਂਦਾ ਨਹੀਂ ਰੱਖਿਆ ਜਾ ਸਕਦਾ। ਦਵਾਈ ਮਹਿਜ਼ ਬਿਮਾਰੀ ਦੇ ਇਲਾਜ ਲਈ ਹੁੰਦੀ ਹੈ ਪਰ ਡੱਲੇਵਾਲ ਤਾਂ ਮਰਨ ਵਰਤ 'ਤੇ ਹਨ ਫਿਰ ਉਨ੍ਹਾਂ ਨੂੰ ਇਲਾਜ ਕਿਞ ਦਿੱਤਾ ਜਾ ਸਕਦਾ ਹੈ। ਇਹ ਮੈਡੀਕਲ ਤਕਨੀਕ ਨਾਲ ਅਤੇ ਇਨਸਾਨੀ ਜ਼ਿੰਦਗੀ ਨਾਲ ਧੋਖਾ ਹੈ। ਜ਼ਿਕਰ ਕਰ ਦਈਏ ਕਿ ਪਿਛਲੇ ਲੰਬੇ ਸਮੇਂ ਤੋਂ ਕਿਸਾਨਾਂ ਵੱਲੋਂ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਧਰਨਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਤਕਰੀਬਨ 2 ਮਹੀਨਿਆਂ ਤੋਂ ਖਨੌਰੀ ਬਾਰਡਰ 'ਤੇ ਡੱਲੇਵਾਲ ਵੱਲੋਂ ਮਰਨ ਵਰਤ ਕੀਤਾ ਜਾ ਰਿਹਾ ਹੈ। ਸ਼ੁਰੂਆਤੀ ਸਮੇਂ ਤੋਂ ਹੀ ਡਾ. ਸਵੈਮਾਨ ਸਿੰਘ ਦੀ ਟੀਮ ਵੱਲੋਂ ਉਨ੍ਹਾਂ ਦੀ ਦੇਖ ਰੇਖ ਕੀਤੀ ਜਾ ਰਹੀ ਹੈ। ਨਾਲ ਹੀ ਉਨ੍ਹਾਂ ਦਾ ਸਮੇਂ ਸਮੇਂ ਤੇ ਹੈਲਥ ਰਿਪੋਰਟ ਵੀ ਸਾਂਝੀ ਕੀਤੀ ਜਾ ਰਹੀ ਹੈ। ਉੱਥੇ ਹੀ ਦੂਜੇ ਪਾਸੇ ਡਾ. ਸਵੈਮਾਨ ਸਿੰਘ ਦਾ ਫੇਸਬੁੱਕ ਪੇਜ ਨੂੰ ਬੈਨ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

## 3 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਜਾਂਚ ਦੌਰਾਨ ਹੋਇਆ ਵੱਡਾ ਖ਼ੁਲਾਸਾ



**ਵਡੋਦਰਾ, 24 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਗੁਜਰਾਤ ਦੇ ਵਡੋਦਰਾ ਸ਼ਹਿਰ ਦੇ ਇੱਕ ਵਿਦਿਅਕ ਸੰਸਥਾ ਦੇ ਤਿੰਨ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਦੀ ਸੂਚਨਾ ਮਿਲੀ ਹੈ। ਬੰਬ ਦੀ ਧਮਕੀ ਮਿਲਣ ਤੋਂ ਬਾਅਦ ਸ਼ੁੱਕਰਵਾਰ ਨੂੰ ਸਕੂਲਾਂ ਵਿਚ ਛੁੱਟੀ ਦਾ ਐਲਾਨ ਕਰ ਦਿੱਤਾ। ਇਸ ਮਾਮਲੇ ਦੀ ਜਾਂਚ ਕਰਨ 'ਤੇ ਇਹ ਧਮਕੀ ਬਾਅਦ ਵਿੱਚ ਝੂਠੀ ਸਾਬਤ ਹੋਈ। ਇਸ ਗੱਲ ਦਾ ਖ਼ੁਲਾਸਾ ਅਧਿਕਾਰੀਆਂ ਵਲੋਂ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਧਮਕੀ ਭਰੇ ਈਮੇਲ ਮਿਲਣ ਤੋਂ ਬਾਅਦ ਤਿੰਨੋਂ ਸਕੂਲਾਂ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ ਪਰ ਸਕੂਲਾਂ ਵਿੱਚੋਂ ਕੁਝ ਵੀ ਸ਼ੱਕੀ ਬਰਾਮਦ ਨਹੀਂ ਹੋਇਆ। ਇੱਕ ਅਧਿਕਾਰੀ ਦੇ ਅਨੁਸਾਰ ਨਵਰਚਨਾ ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਨੇ ਪੁਲਸ ਕੰਟਰੋਲ ਰੂਮ ਨੂੰ ਭਾਇਲੀ-ਵਾਸਨਾ ਰੋਡ 'ਤੇ ਸਥਿਤ ਸਕੂਲ ਦੇ ਅਧਿਕਾਰਤ ਈਮੇਲ 'ਤੇ ਭੇਜੇ ਗਏ ਬੰਬ ਦੀ ਧਮਕੀ ਬਾਰੇ ਸੂਚਿਤ ਕੀਤਾ ਸੀ। ਜਾਣਕਾਰੀ ਮਿਲਣ ਤੋਂ ਬਾਅਦ ਵਡੋਦਰਾ ਪੁਲਸ ਨੇ ਸ਼ੁੱਕਰਵਾਰ ਸਵੇਰੇ ਕਾਰਵਾਈ ਕੀਤੀ। ਵਡੋਦਰਾ ਦੇ ਸਹਾਇਕ ਪੁਲਸ ਕਮਿਸ਼ਨਰ (ਏ.ਸੀ.ਪੀ.) ਜੀ.ਬੀ. ਬੰਭਾਨੀਆ ਨੇ ਕਿਹਾ, "ਵਡੋਦਰਾ ਵਿੱਚ ਨਵਰਚਨਾ ਸਿੱਖਿਆ ਸੰਸਥਾਨ ਦੇ ਦੋ ਹੋਰ ਸਕੂਲ ਵੀ ਹਨ। ਪੁਲਸ ਨੇ ਬੰਬ ਡਿਟੈਕਸ਼ਨ ਐਂਡ ਡਿਸਪੋਜ਼ਲ ਸਕੁਐਡ (ਬੀਡੀਡੀਐਸ), ਡੌਗ ਸਕੁਐਡ ਅਤੇ ਸਾਈਬਰ ਕ੍ਰਾਈਮ ਬ੍ਰਾਂਚ ਦੇ ਨਾਲ ਮਿਲ ਕੇ ਇਨ੍ਹਾਂ ਤਿੰਨਾਂ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਸੀ।" ਅਧਿਕਾਰੀ ਨੇ ਕਿਹਾ ਕਿ ਈਮੇਲ ਇੱਕ ਅਣਜਾਣ ਆਈਡੀ ਤੋਂ ਭੇਜੀ ਗਈ ਸੀ ਅਤੇ ਦਾਅਵਾ ਕੀਤਾ ਗਿਆ ਸੀ ਕਿ ਨਵਰਚਨਾ ਸਕੂਲ ਦੀ ਡਰੇਨੇਜ ਲਾਈਨ ਵਿੱਚ ਬੰਬ ਰੱਖਿਆ ਗਿਆ ਸੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਸੂਚਨਾ ਮਿਲਦੇ ਸਾਰ ਸਾਡੀਆਂ ਟੀਮਾਂ ਤੁਰੰਤ ਤਿੰਨ ਨਵਰਾਚਨਾ ਸਕੂਲਾਂ ਵਿੱਚ ਪਹੁੰਚ ਗਈਆਂ, ਜਿਹਨਾਂ ਨੇ ਬੰਬ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਧਮਕੀ ਅਤੇ ਤਲਾਸ਼ੀ ਮੁਹਿੰਮ ਦੇ ਮੱਦੇਨਜ਼ਰ, ਸਕੂਲ ਪ੍ਰਬੰਧਨ ਨੇ ਇਨ੍ਹਾਂ ਸਕੂਲਾਂ ਵਿੱਚ ਛੁੱਟੀ ਦਾ ਐਲਾਨ ਕਰ ਦਿੱਤਾ ਸੀ। ਬੰਬਾਨੀਆ ਨੇ ਕਿਹਾ ਕਿ ਤਿੰਨ ਘੰਟੇ ਚੱਲੇ ਤਲਾਸ਼ੀ ਅਭਿਆਨ ਦੌਰਾਨ ਸਕੂਲ ਵਿੱਚ ਕੁਝ ਵੀ ਸ਼ੱਕੀ ਨਹੀਂ ਮਿਲਿਆ। ਪੁਲਸ ਦੀ ਸਾਈਬਰ ਕ੍ਰਾਈਮ ਬ੍ਰਾਂਚ ਹੁਣ ਈਮੇਲ ਭੇਜਣ ਵਾਲੇ ਦੇ ਆਈਪੀ ਐਡਰੈੱਸ ਦੀ ਜਾਂਚ ਕਰ ਰਹੀ ਹੈ। ਸਾਮਾ ਦੇ ਨਵਰਚਨਾ ਸਕੂਲ ਦੇ ਪ੍ਰਸ਼ਾਸਕ ਬੀਜੂ ਕੁਰੀਅਨ ਨੇ ਪੁਸ਼ਟੀ ਕੀਤੀ ਕਿ ਖ਼ਤਰੇ ਦੇ ਮੱਦੇਨਜ਼ਰ ਤਿੰਨੋਂ ਸਕੂਲਾਂ ਵਿੱਚ ਇੱਕ ਦਿਨ ਦੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

## ਦੋ ਸਾਲਾਂ ਬਾਅਦ ਗਣਤੰਤਰ ਦਿਵਸ ਦੀ ਪਰੇਡ 'ਚ ਨਜ਼ਰ ਆਵੇਗਾ ਪੰਜਾਬ, ਬਾਬਾ ਫਰੀਦ ਜੀ ਨੂੰ ਹੋਵੇਗੀ ਸਮਰਪਿਤ; ਚਾਰ ਹਿੱਸਿਆਂ 'ਚ ਦਿਖਾਇਆ ਜਾਵੇਗਾ ਸੱਭਿਆਚਾਰ

**ਨਵੀਂ ਦਿੱਲੀ, 24 ਜਨਵਰੀ (ਆਵਾਜ਼ਿ ਕੌਮ ਬਿਊਰੋ)**-26 ਜਨਵਰੀ ਨੂੰ ਦਿੱਲੀ ਦੇ ਕਰਤਵਯ ਪਥ 'ਤੇ ਹੋਣ ਵਾਲੀ ਪਰੇਡ ਵਿੱਚ ਇਸ ਵਾਰ ਪੰਜਾਬ ਦੀ ਇੱਕ ਝਾਕੀ ਦਿਖਾਈ ਦੇਵੇਗੀ। ਪੰਜਾਬ ਦੀ ਖੇਤੀ ਤੋਂ ਲੈ ਕੇ ਫੁਲਕਾਰੀ ਤੱਕ, ਹਰ ਚੀਜ਼ ਨੂੰ ਝਾਕੀ ਵਿੱਚ ਜਗ੍ਹਾ ਦਿੱਤੀ ਗਈ ਹੈ। ਇਸ ਵਾਰ ਦੀ ਝਾਕੀ ਬਾਬਾ ਸ਼ੇਖ ਫਰੀਦ ਨੂੰ ਸਮਰਪਿਤ ਹੈ। ਇਹ ਝਾਕੀ ਲਗਭਗ 21 ਦਿਨਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਤਿਆਰ ਕੀਤੀ ਗਈ ਹੈ। ਪਰੇਡ ਦੀ ਰਿਹਰਸਲ ਲਈ ਆਈ ਝਾਕੀ ਹਰ ਕਿਸੇ ਦੇ ਦਿਲ ਨੂੰ ਛੂਹ ਰਹੀ ਹੈ। ਇਸ ਨੂੰ ਤਿਆਰ ਕਰਨ ਵਾਲੀ ਟੀਮ ਬਹੁਤ ਉਤਸ਼ਾਹਿਤ ਹੈ। ਉੱਥੇ ਹੀ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵੀ ਇਸ ਝਾਕੀ ਨੂੰ ਦੇਖਣ ਲਈ ਪਹੁੰਚੇ। ਉਨ੍ਹਾਂ ਨੇ ਖ਼ੁਦ ਆਪਣੇ ਸੋਸ਼ਲ ਮੀਡੀਆ ਅਕਾਊਂਟ



ਐਕਸ 'ਤੇ ਸੰਬੰਧਿਤ ਫੋਟੋਆਂ ਅਤੇ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਨੇ ਪੋਸਟ ਵਿੱਚ ਲਿਖਿਆ ਹੈ ਕਿ ਮੇਰਾ ਦਿਲ ਪੰਜਾਬ ਲਈ ਧੜਕਦਾ ਹੈ। ਇਹ ਝਾਂਕੀ ਦਿਲ ਨੂੰ ਛੂਹ ਲੈਣ ਵਾਲੀ ਹੈ। ਮੈਂ ਇਸ ਝਾਂਕੀ ਦੀਆਂ ਤਸਵੀਰਾਂ ਲੈਣ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕਿਆ।

1. ਇਸ ਝਾਕੀ ਨੂੰ ਲੈਕੇ ਦਿੱਲੀ ਪਹੁੰਚੇ ਡਾ. ਆਹਲੂਵਾਲੀਆ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਝਾਕੀ ਵਿੱਚ ਪੰਜਾਬ ਨੂੰ ਚਾਰ ਹਿੱਸਿਆਂ ਵਿੱਚ ਦਿਖਾਇਆ ਗਿਆ ਹੈ। ਟਰੈਕਟਰ ਵਾਲੇ ਹਿੱਸੇ ਵਿੱਚ ਪੰਜਾਬ ਇੱਕ ਖੇਤੀਬਾੜੀ-ਅਧਾਰਤ ਸੂਬਾ ਹੈ, ਅਜਿਹੇ ਵਿੱਚ ਪਹਿਲੇ ਹਿੱਸੇ ਵਿੱਚ ਹਲ ਚਲਾਉਂਦੇ ਹੋਏ ਬਲਦਾਂ ਦੀ ਇੱਕ ਜੋੜੀ। ਜੋ ਕਿ ਇਸ ਗੱਲ ਦਾ ਪ੍ਰਤੀਕ ਹੈ ਕਿ ਦੇਸ਼ ਨੂੰ ਅਨਾਜ ਦੇ ਖੇਤਰ ਵਿੱਚ ਆਤਮਨਿਰਭਰ ਬਣਾਉਣ ਵਿੱਚ ਪੰਜਾਬ ਦਾ ਮਹੱਤਵਪੂਰਨ ਯੋਗਦਾਨ ਹੈ।

2. ਪੰਜਾਬ ਦਾ ਲੋਕ ਸੰਗੀਤ ਪੂਰੀ ਦੁਨੀਆ ਵਿੱਚ ਜਾਣਿਆ ਜਾਂਦਾ ਹੈ। ਲੋਕ ਸੰਗੀਤ ਦੇ ਇੱਕ ਦ੍ਰਿਸ਼ ਨੂੰ ਰਵਾਇਤੀ ਪਹਿਰਾਵੇ ਵਿੱਚ ਦਰਸਾਇਆ ਗਿਆ ਹੈ। ਇਸ ਵਿੱਚ ਕਲਾਕਾਰਾਂ ਨੂੰ ਪੰਜਾਬ ਦੇ ਪੁਰਾਣੇ ਸੰਗੀਤ ਯੰਤਰਾਂ ਨਾਲ ਦਿਖਾਇਆ ਗਿਆ ਹੈ।

3. ਝਾਂਕੀ ਦਾ ਤੀਜਾ ਹਿੱਸਾ ਵੀ ਬਹੁਤ ਮਹੱਤਵਪੂਰਨ ਹੈ। ਇਸ ਵਿੱਚ ਪੰਜਾਬ ਦੀ ਇੱਕ ਕੁੜੀ ਨੂੰ ਆਪਣੇ ਘਰ ਦੇ ਬਾਹਰ ਬੈਠੀ ਫੁਲਕਾਰੀ ਕੱਢਦੀ ਦਿਖਾਇਆ ਗਿਆ ਹੈ। ਇਹ ਪੰਜਾਬ ਦੀ ਪ੍ਰਾਚੀਨ ਵਿਰਾਸਤ ਨੂੰ ਦਰਸਾਉਂਦਾ ਹੈ।

4. ਝਾਕੀ ਦੇ ਚੌਥੇ ਹਿੱਸੇ ਵਿੱਚ ਪੰਜਾਬ ਦੇ ਪਹਿਲੇ ਪੰਜਾਬੀ ਕਵੀ ਬਾਬਾ ਸ਼ੇਖ ਫਰੀਦ ਨੂੰ ਦਰਸਾਇਆ ਗਿਆ ਹੈ। ਉਨ੍ਹਾਂ ਦੀ ਬਦੌਲਤ ਹੀ ਪੰਜਾਬੀ ਸਾਹਿਤ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ। ਇਸ ਦੇ ਨਾਲ ਹੀ, ਟਰੈਕਟਰ ਦੇ ਹਿੱਸੇ 'ਤੇ ਪੰਜਾਬ ਦੀਆਂ ਔਰਤਾਂ ਦੁਆਰਾ ਘਰੇਲੂ ਬਣੇ ਮੈਟ ਪ੍ਰਦਰਸ਼ਿਤ ਕੀਤੇ ਗਏ ਸਨ। ਇਸ ਤੋਂ ਇਲਾਵਾ ਫੁਲਕਾਰੀ ਦੇ ਦ੍ਰਿਸ਼ ਵੀ ਹਨ।

## ਅਮਰੀਕਾ 'ਚ ਜਨਮ ਲੈਣ ਵਾਲੇ ਬੱਚਿਆਂ ਨੂੰ ਮਿਲਦੀ ਰਹੇਗੀ ਨਾਗਰਿਕਤਾ, ਟਰੰਪ ਦੇ ਫੈਸਲੇ 'ਤੇ ਕਿਸ ਨੇ ਲਾਈ ਰੋਕ ?

**ਵਾਸ਼ਿੰਗਟਨ, 24 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਇੱਕ ਅਮਰੀਕੀ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ ਦਿੱਤਾ ਹੈ। ਜੱਜ ਨੇ ਟਰੰਪ ਦੇ ਉਸ ਕਾਰਜਕਾਰੀ ਹੁਕਮ ਨੂੰ 'ਗੈਰ-ਸੰਵਿਧਾਨਕ' ਕਰਾਰ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਨੇ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਦੇ ਅਧਿਕਾਰ ਨੂੰ ਖਤਮ ਕਰ ਦਿੱਤਾ ਸੀ। ਜੱਜ ਨੇ ਇਸ



ਕਾਰਜਕਾਰੀ ਹੁਕਮ 'ਤੇ ਅਸਥਾਈ ਰੋਕ ਲਗਾ ਦਿੱਤੀ ਹੈ। ਇਸ ਦਾ ਮਤਲਬ ਹੈ ਕਿ ਫਿਲਹਾਲ, ਅਮਰੀਕਾ ਵਿੱਚ ਪੈਦਾ ਹੋਏ ਬੱਚਿਆਂ ਨੂੰ ਉੱਥੇ ਦੀ ਨਾਗਰਿਕਤਾ ਮਿਲਦੀ ਰਹੇਗੀ। ਟਰੰਪ ਨੇ 20 ਜਨਵਰੀ ਨੂੰ ਆਪਣੇ ਦੂਜੇ ਕਾਰਜਕਾਲ ਦੀ ਸ਼ੁਰੂਆਤ ਦੇ ਪਹਿਲੇ ਦਿਨ ਹੀ ਇਸ ਹੁਕਮ 'ਤੇ ਦਸਤਖਤ ਕੀਤੇ ਸਨ। ਟਰੰਪ ਦੇ ਇਸ ਹੁਕਮ ਵਿਰੁੱਧ ਚਾਰ ਡੈਮੋਕ੍ਰੇਟਿਕ ਸ਼ਾਸਿਤ ਰਾਜਾਂ ਨੇ ਪਟੀਸ਼ਨ ਦਾਇਰ ਕੀਤੀ ਸੀ। ਵਾਸ਼ਿੰਗਟਨ, ਐਰੀਜ਼ੋਨਾ, ਇਲੀਨੋਇਸ ਅਤੇ ਓਰੇਗਨ ਵਰਗੇ ਡੈਮੋਕ੍ਰੇਟਿਕ ਸ਼ਾਸਿਤ ਰਾਜਾਂ ਨੇ ਪਟੀਸ਼ਨ ਵਿੱਚ ਦਾਅਵਾ ਕੀਤਾ ਕਿ ਟਰੰਪ ਦਾ ਹੁਕਮ ਅਮਰੀਕੀ ਸੰਵਿਧਾਨ ਦੇ 14ਵੇਂ ਸੋਧ ਵਿੱਚ ਦਿੱਤੇ ਗਏ ਨਾਗਰਿਕਤਾ ਦੇ ਅਧਿਕਾਰ ਦੀ ਉਲੰਘਣਾ ਕਰਦਾ ਹੈ। ਅਮਰੀਕੀ ਜ਼ਿਲ੍ਹਾ ਜੱਜ ਜੌਨ ਕੌਫਨਰ ਇਸ ਪਟੀਸ਼ਨ 'ਤੇ ਸੁਣਵਾਈ ਕਰ ਰਹੇ ਸਨ। ਵੀਰਵਾਰ ਨੂੰ ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਨੂੰ ਹੁਕਮ ਲਾਗੂ ਨਾ ਕਰਨ ਲਈ ਕਿਹਾ। ਡੋਨਾਲਡ ਟਰੰਪ ਨੇ ਅਹੁਦੇ ਦੀ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਅਮਰੀਕਾ ਵਿੱਚ ਜਨਮ ਤੋਂ ਹੀ ਨਾਗਰਿਕਤਾ ਦੇ ਅਧਿਕਾਰ ਨੂੰ ਖਤਮ ਕਰਨ ਲਈ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ ਸੀ। ਇਸ ਦਾ ਉਦੇਸ਼ ਗੈਰ-ਕਾਨੂੰਨੀ ਪ੍ਰਵਾਸੀਆਂ ਜਾਂ ਵੀਜ਼ਾ 'ਤੇ ਰਹਿ ਰਹੇ ਲੋਕਾਂ ਨੂੰ ਅਮਰੀਕਾ ਵਿੱਚ ਪੈਦਾ ਹੋਏ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦੇਣ ਤੋਂ ਰੋਕਣਾ ਸੀ।

**ਕੀ ਬੋਲੇ ਜੱਜ ਕੌਫਨਰ ?**

ਜੱਜ ਜੌਨ ਕੌਫਨਰ ਨੇ ਕਿਹਾ, 'ਮੈਨੂੰ ਸਮਝ ਨਹੀਂ ਆਉਂਦਾ ਕਿ ਕੋਈ ਵੀ ਕਾਨੂੰਨਵਿਦ ਇਹ ਕਿਵੇਂ ਕਹਿ ਸਕਦਾ ਹੈ ਕਿ ਇਹ ਹੁਕਮ ਸੰਵਿਧਾਨਕ ਹੈ।' ਇਹ ਮੇਰੀ ਸਮਝ ਤੋਂ ਪਰੇ ਹੈ। ਮੈਂ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਬੈਂਚ 'ਚ ਹਾਂ। ਮੈਨੂੰ ਕੋਈ ਹੋਰ ਮਾਮਲਾ ਯਾਦ ਨਹੀਂ ਹੈ ਜੋ ਇਸ ਮਾਮਲੇ ਵਿੱਚ ਸਾਫ-ਸਾਫ ਸਵਾਲ ਚੁੱਕਦਾ ਹੈ। ਇਹ ਸਪੱਸ਼ਟ ਤੌਰ 'ਤੇ ਗੈਰ-ਸੰਵਿਧਾਨਕ ਹੁਕਮ ਹੈ।

# AWAZE QAUM TOUR & TRAVEL UK & SINGH TRAVEL CANADA JATHA

15 ਸਾਲ ਤੋਂ ਸੰਗਤਾਂ ਦੀ ਸੇਵਾ ਕਰ ਰਹੇ ਹਾਂ - YATRA SEWA SINCE 2010

# YATRA NANKANA SAHIB


WE WILL ALSO BE VISITING 25+ GURDWARA'S AND HISTORICAL PLACES

## 20 FEBRUARY TO 27 FEBRUARY, 2025

UK, EUROPE, ITALY, CANADA, USA SANGAT CAN JOIN OUR JATHA WITH FAMILIES & FRIENDS









### YATRA INCLUDES:

- GURDWARA NANKANA SAHIB
- GURDWARA PATTI SAHIB
- GURDWARA TAMBU SAHIB
- GURDWARA KIARA SAHIB
- GURDWARA MALJI SAHIB
- GURDWARA BAL LILA SAHIB
- GURDWARA SACHA SAUDA
- GURDWARA RORI SAHIB
- GURDWARA PANJA SAHIB
- GURDWARA BEBE DI BER SIALKOT
- GURDWARA DERA SAHIB
- JANAM ASTHAN BEBE NANKI JI
- BHAI LALU JI DA GHAR
- JANAM ASTHAN GURU RAMDAS JI
- GURDWARA SHRI KARTARPUR SAHIB
- GURDWARA SHAHEED GANJ LAHORE
- MATA SAHIB KAUR JI JANAM ASTHAN
- DARBAR SAI MIAN MIR JI
- SHAHI QILA (SIKH FORT)
- SHOPPING AT ANARKALI BAZAR

Yatra Booking, Please contact:

**RAGHBIR SINGH**


**Tel: +44 7976 210161**

### YATRA PACKAGE INCLUDES:

PAKISTAN VISA + HOTEL (TWIN SHARED) + LUXURY TRANSPORT + VEG FOOD + MINERAL WATER + TRIP YATRA PHOTO & VIDEOS + WiFi & MUCH MORE

**CANADA. +1 647-231-1600 - USA. +1 716-342-6007**

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛੱਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA
WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV






ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਤੇਰੇ ਜਨ ਪਰਉਪਕਾਰੀ ਆਏ
ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼
ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ
100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ
51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ


ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।
ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473


ਮਹੰਤ ਕਾਹਨ ਸਿੰਘ ਸੇਵਾਪੰਥੀ


ਸੰਤ ਰਣਜੀਤ ਸਿੰਘ ਸੇਵਾਪੰਥੀ

ਵਿਸ਼ੇਸ਼ ਸਹਿਯੋਗ -
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ





## ਧਾਮੀ ਸਾਹਬ,ਵਿਸ ਜਿਹੀ ਕਾਹਨੂੰ ਘੋਲੀ ਜਾਂਦੇ ਓ ? ਫੁੰਕਾਰਾ ਮਾਰੋ ਫੁੰਕਾਰਾ !!



ਸੰਨ 1999 ਤੋਂ ਬਾਅਦ ਮੈਂ ਇਕ ਵਾਰ ਦਲ ਖਾਲਸਾ ਵਾਲੇ ਭਾਈ ਹਰਚਰਨਜੀਤ ਸਿੰਘ ਧਾਮੀ ਹੁਣਾ ਦੇ ਸੱਦੇ 'ਤੇ ਇਕ ਰਾਤਰੀ ਦੀਵਾਨ ਵਿਚ ਹਾਜਰੀ ਭਰਨ ਲਈ ਹੁਸ਼ਿਆਰ ਪੁਰ ਲਾਗੇ ਉਨ੍ਹਾਂ ਦੇ ਘਰੇ ਰਾਤ ਰਿਹਾ ਸਾਂ।

ਦੀਵਾਨ ਵਾਲਾ ਪਿੰਡ ਮੌਜੂਦਾ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਧਾਮੀ ਸਾਹਬ ਦੇ ਹਲਕੇ ਵਿਚ ਵਾਕਿਆ ਸੀ,ਇਸ ਕਰਕੇ ਦੋਵੇਂ ਧਾਮੀ ਅਤੇ ਮੈਂ ਇੱਕੋ ਗੱਡੀ 'ਚ ਉਸ ਪਿੰਡ ਗਏ ਅਤੇ ਵਾਪਸ ਆਏ ਸਾਂ।

ਰਾਹ ਵਿਚ ਪ੍ਰਧਾਨ ਧਾਮੀ ਸਾਹਬ ਨੇ ਮੇਰੇ ਇਕ ਮੈਂਬਰ ਮਿੱਤਰ ਦਾ ਨਾਂ ਲੈ ਕੇ ਟਿੱਚਰ ਜਿਹੀ ਕੀਤੀ ਅਖੇ ਦੁਪਾਲ ਪੁਰੀ ਤੁਹਾਡਾ ਮਿੱਤਰ ਫਲਾਣੀ ਰੈਲੀ ਵਿਚ ਨਾਹਰੇ ਮਾਰਦਾ ਸੀ–

**'ਬਾਦਲ ਸਾਬ੍ਹ ਤੇਰੀ ਸੋਚ 'ਤੇ ਪਹਿਰਾ ਦਿਆਂ ਗੇ ਠੋਕ ਕੇ !'**

'ਹਾਹਾਹਾਹਾ' ਧਾਮੀ ਜੀ ਹੱਸਦਿਆਂ ਕਹਿੰਦੇ–"ਮੈਖਿਆਂ ਫਲਾਣਾ ਸਿਆਂ,ਤੂੰ ਹੀ ਬਾਦਲ ਮਗਰ 'ਪਹਿਰਾ' ਦੇਈ ਜਾਹ,ਆਪਾਂ ਤਾਂ ਨੀ ਉਹਦਾ ਪ੍ਰਛਾਵਾਂ ਵੀ ਲੈਂਦੇ !"




ਹੁਣ ਪਿਛਲੇ ਕਈ ਦਿਨਾਂ ਤੋਂ ਉਹ ਕੁੱਟੇ ਪਏ ਸੱਪ ਵਾਂਗ ਅੰਦਰੋ ਅੰਦਰ ਵਿਸ ਜਿਹੀ ਘੋਲ਼ੀ ਜਾ ਰਹੇ ਹਨ ! ਸੋ ਮੈਂ ਸੋਚਿਆ ਕਿ ਮਾਨਯੋਗ ਧਾਮੀ ਜੀ ਨੂੰ ਉਨ੍ਹਾਂ ਦਾ ਪੁਰਾਣਾ ਬਚਨ ਚੇਤੇ ਕਰਾ ਕੇ ਸਲਾਹ ਦਿਆਂ ਕਿ ਭਰਾ ਜੀ ਵਿਸ ਘੋਲਣੀ ਛੱਡ ਕੇ ਫੁੰਕਾਰਾ ਮਾਰੋ ਫੁੰਕਾਰਾ !ਨਹੀਂ ਤਾਂ ਤੁਸੀਂ ਕੌਮੀ ਇਤਹਾਸ ਵਿੱਚ 'ਮੱਕੜ' ਅਤੇ 'ਗੁਰਬਚਨ ਸਿੰਘ' ਵਾਂਗ ਅੰਕਿਤ ਕੀਤੇ ਜਾਉ ਗੇ !!

ਤੁਹਾਡਾ ਸ਼ੁੱਭਚਿੰਤਕ ਤੇ ਪੁਰਾਣਾ ਮਿੱਤਰ

**-ਤਰਲੋਚਨ ਸਿੰਘ ਦੁਪਾਲ ਪੁਰ**
**ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਹਾਲ ਵਾਸੀ ਕੈਲੇਫੋਰਨੀਆਂ ਯੂ.ਐੱਸ.ਏ)**

## ਅਕਾਲ ਤਖਤ ਸਾਹਿਬ ਵੱਲੋਂ 2 ਤਰੀਕ ਨੂੰ ਜਾਰੀ ਹੋਏ ਹੁਕਮਨਾਮਿਆਂ ਦਾ ਹੋਵੇਗਾ 28 ਤਰੀਕ ਨੂੰ ਚੀਰਫਾੜ

**ਪਿਛਲੇ** ਚਾਰ ਦਹਾਕਿਆਂ ਤੋਂ ਸਿੱਖ ਪੰਥ ਨੂੰ ਲੱਗੀ ਸਿਉਂਕ ਨੂੰ ਲਾਹੁਣ ਲਈ 2 ਤਰੀਕ ਨੂੰ ਪੰਜ ਸਿੰਘ ਸਾਹਿਬਾਨਾਂ ਵੱਲੋਂ ਹੋਏ ਜਾਰੀ ਹੁਕਮਨਾਮਿਆਂ ਨੂੰ ਆਪਣੀ ਚਲਾਕੀ ਨਾਲ ਤੋੜ ਮਰੋੜਿਆ ਜਾ ਰਿਹਾ ਹੈ। ਵਿਦੇਸ਼ਾਂ ਵਿੱਚ ਵਸਦਾ ਸਮੂਹ ਸਿੱਖ ਭਾਈਚਾਰਾ ਅਕਾਲ ਤਖਤ ਸਾਹਿਬ ਦੇ ਸਤਿਕਾਰਯੋਗ ਜਥੇਦਾਰ ਸਾਹਿਬ ਨੂੰ ਹੇਠ ਲਿਖੀਆਂ ਬੇਨਤੀਆਂ ਕਰਦਾ ਹੈ :- 1. ਕੀ 28 ਤਰੀਕ ਨੂੰ ਬਾਦਲ ਲਾਣੇ ਵੱਲੋਂ ਕੀਤੀਆਂ ਜਾ ਰਹੀਆਂ ਚਲਾਕੀਆਂ ਤੇ ਖਾਲੀ ਥਾਵਾਂ ਨੂੰ ਤਾਂ ਨਹੀਂ ਭਰਿਆ ਜਾ ਰਿਹਾ ? 2. ਕੀ ਤਖਤ ਸ੍ਰੀ ਦਮਦਮਾ ਸਾਹਿਬ ਜੀ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਆਪ ਜੀ ਇਸ ਇਕੱਤਰਤਾ ਵਿੱਚ ਬੁਲਾਉਗੇ ਜੀ ? ਕਿਉਂਕਿ ਆਪ ਜੀ ਵੱਲੋਂ ਕਿਹਾ ਗਿਆ ਹੈ ਕਿ ਜਦ ਗਿਆਨੀ ਹਰਪ੍ਰੀਤ ਸਿੰਘ ਜੀ ਪੰਜ ਸਿੰਘਾਂ ਦੀ ਹਾਜ਼ਰੀ ਵਿੱਚ ਤਖਤ ਸਾਹਿਬ ਤੋਂ ਖਲੋ ਕੇ ਆਪਣਾ ਸਪਸ਼ਟੀਕਰਨ ਦੇ ਚੁੱਕੇ ਹਨ, ਤਾਂ ਉਹਨਾਂ ਦੀ ਇਨਕੁਆਇਰੀ ਦਾ ਹੋਣ ਕੋਈ ਤੁਕ ਨਹੀਂ ਰਹਿ ਜਾਂਦਾ ਅਤੇ ਉਨਾਂ ਦੀ ਇਨਕੁਆਇਰੀ ਦਾ ਵੈਸੇ ਵੀ ਅਧਿਕਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਹੈ। ਫਿਰ ਉਹ ਮੌਜੂਦਾ ਜਥੇਦਾਰ ਹਨ। 3. ਕੀ ਆਪ ਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਹੁਕਮ ਕਰੋਗੇ ਕਿ ਉਹ ਸੌਦਾ ਸਾਧ ਦੀ ਮਸ਼ਹੂਰੀ ਲਈ ਗੁਰੂ ਦੀ ਗੋਲਕ ਵਿੱਚੋਂ 90 ਲੱਖ ਰੁਪਈਏ ਜੋ ਵਰਤਿਆ ਸੀ ਉਹ ਇਹਨਾਂ ਠੱਗਾਂ ਨੇ ਜਮਾ ਕਰਵਾ ਦਿੱਤਾ ਜਾਂ ਨਹੀਂ ? ਕੀ ਧਾਮੀ ਸਾਹਿਬ ਸੰਗਤਾਂ ਨੂੰ ਇਸਦੀ ਜਾਣਕਾਰੀ ਦੇਣਗੇ ? 4. ਕੀ ਸੌਦਾ ਸਾਧ ਨੂੰ ਜੋ ਮੁਆਫੀ ਵਾਲੀ ਚਿੱਠੀ ਜੋ ਆਪ ਜੀ ਨੇ ਜਨਤਕ ਕਰਨੀ ਸੀ, ਜਿਸ ਵਿੱਚ ਅਕਾਲੀ ਦਲ ਦਾ ਬੇੜਾ ਗਰਕ ਕਰਨ ਵਾਲੇ ਅਤੇ ਸੈਂਟਰ ਦੇ ਚੋਟੀ ਦੀ ਏਜੰਸੀ ਦੇ ਅਫਸਰ, ਅਕਾਲੀ ਦਲ ਦੇ ਬੁਲਾਰੇ ਚੀਮਾ ਨੇ ਆਪਣੀ ਹੱਥੀ ਮੁਆਫੀ ਲਫਜ ਲਿਖਿਆ ਸੀ। ਸਿੰਘ ਸਾਹਿਬ ਦੇ 2 ਤਰੀਕ ਨੂੰ ਵਾਰ ਵਾਰ ਪੁੱਛਣ ਤੇ ਇਸ ਦੁਸ਼ਟ ਨੇ ਝੂਠ ਬੋਲਿਆ ਸੀ, ਉਹ ਚਿੱਠੀ ਆਪ ਜੀ ਜਨਤਕ ਕਰੋਗੇ ? 5. ਕੀ ਅਸੀਂ ਆਸ ਰੱਖੀਏ ਕਿ ਆਪ ਜੀ 28 ਤਰੀਕ ਨੂੰ ਹੁਕਮਨਾਮਿਆਂ ਦੀ ਚੀਰ ਫਾੜ ਹੋਣ ਤੋਂ ਬਚਾ ਕੇ ਕੌਮ ਨੂੰ ਭਰਾ ਮਾਰੂ ਜੰਗ ਤੋਂ ਬਚਾ ਲਵੋਗੇ ?



**ਭਾਈ ਬਲਦੇਵ ਸਿੰਘ**
**(ਜਥੇਦਾਰ ਅੰਮ੍ਰਿਤ ਸੰਚਾਰ ਜਥਾ)**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

Waheguru Ji Ka Khalsa
Waheguru Ji Ke Fateh

Please join us to commemorate the 5th Barsi
In memory of our dearly beloved



# S. Serbjit Singh Landa

## SRI AKHAND PAATH SAHIB

31st January 2025 - 02nd February 2025

At Gurdwara Baba Budha Ji, Miri Piri House
329 Haydn Road, Nottingham, NG5 1DG

| | | |
|---|---|---|
| Friday 31st Jan 2025 | 10.00 am | Arambh Sri Akhand Paath Sahib |
| Sunday 2nd Feb 2025 | 11.00 am | Bhog Sri Akhand Paath Sahib |
| | 12.00 pm | Kirtan by Bhai Jagtar Singh Ji (Jammu Wale) |

Guru Ji Ka Langar will be served throughout the programme.

The Landa family warmly invites you to join us at the Gurdwara Sahib to seek Guru Ji's blessings.

For additional information, please contact
S. Karamjit Singh Landa - 07855 979 263

ਆਵਾਜ਼ਿ ਕੌਮ AWAZE QAUM
International Newspaper & WEB TV





# ਬੱਚਿਆਂ ਦੇ ਨਾਲ-ਨਾਲ ਵੱਡੇ ਵੀ ਬਣਦੇ ਜਾ ਰਹੇ ਨੇ ਮੋਬਾਇਲ ਦੇ ਗੁਲਾਮ



**ਡਿਜੀਟਲ** ਯੁੱਗ ਵਿੱਚ ਭਾਵੇਂ ਅਸੀਂ ਪੁਲਾੜ ਦੀ ਯਾਤਰਾ ਕਰਕੇ ਚੰਦਰਮਾ ਤੇ ਪਹੁੰਚ ਗਏ ਹਾਂ ਅਸੀਂ ਆਪਣੇ ਆਪ ਨੂੰ ਡਿਜੀਟਲ ਯੁੱਗ ਦੇ ਹਾਣੀ ਕਹਿ ਕੇ ਮਾਣ ਮਹਿਸੂਸ ਕਰਦੇ ਹਾਂ ਪਰ ਅੱਗਾ ਦੌੜ ਤੇ ਪਿੱਛਾ ਚੌੜ ਦੀ ਕਹਾਵਤ ਵਾਂਗ ਇੰਟਰਨੈੱਟ ਦੇ ਯੁੱਗ ਵਿੱਚ ਅਸੀਂ ਗਵਾ ਵੀ ਬਹੁਤ ਕੁਝ ਰਹੇ ਹਾਂ। ਇਹ ਸੱਚ ਹੈ ਕਿ ਇੰਟਰਨੈਟ ਵਿੱਚ ਬਹੁਤ ਵੱਡਾ ਗਿਆਨ ਦਾ ਖਜ਼ਾਨਾ ਛੁਪਿਆ ਹੋਇਆ ਹੈ ਪਰ ਅਸੀਂ ਉਹ ਕੀਮਤੀ ਖਜਾਨਾ ਕੱਢਣ ਦੀ ਬਜਾਏ ਇੰਟਰਨੈਟ ਦੀ ਗਲਤ ਵਰਤੋ ਕਰਦੇ ਜਾ ਰਹੇ ਹਾਂ ਅਤੇ ਇੰਟਰਨੈਟ ਦੇ ਗੁਲਾਮ ਬਣਦੇ ਜਾ ਰਹੇ ਹਾਂ। ਭਾਵੇਂ ਕਿ ਹਰੇਕ ਚੀਜ਼ ਦੇ ਫਾਇਦੇ ਦੇ ਨਾਲ ਨੁਕਸਾਨ ਵੀ ਹੁੰਦੇ ਹਨ। ਪਰ ਮੋਬਾਇਲਾਂ ਦੀ ਵੱਧ ਵਰਤੋਂ ਨੇ ਬੱਚਿਆਂ ਨੂੰ ਜਿੱਦੀ ਅਤੇ ਚਿੜਚਿੜੇ ਸੁਭਾਅ ਦੇ ਬਣਾ ਦਿੱਤਾ ਹੈ। ਜਿਹੜੇ ਛੋਟੇ ਬੱਚੇ ਸਕੂਲਾਂ ਵਿੱਚ ਨਹੀਂ ਪੜ੍ਹਨ ਜਾਂਦੇ ਉਹ ਬੱਚੇ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਮੋਬਾਇਲਾਂ ਤੇ ਗੇਮਾਂ ਦੇਖਣ ਵਿੱਚ ਹੀ ਲੱਗੇ ਰਹਿੰਦੇ ਹਨ। ਜਿਸ ਕਰਕੇ ਬੱਚੇ ਆਪਣੀ ਪੂਰੀ ਨੀਂਦ ਵੀ ਨਹੀਂ ਲੈ ਸਕਦੇ ਅਤੇ ਨਾਂ ਹੀ ਆਪਣਾ ਖਾਣ ਪੀਣ ਸਹੀ ਢੰਗ ਨਾਲ ਕਰ ਸਕਦੇ ਹਨ। ਖਾਣਾ ਖਾਣ ਸਮੇਂ ਵੀ ਬੱਚਿਆਂ ਦਾ ਧਿਆਨ ਮੋਬਾਇਲ ਵੱਲ ਹੋਣਾ ਸਹੀ ਢੰਗ ਨਾਲ ਖਾਣਾ ਪੂਰੀ ਤਰ੍ਹਾਂ ਨਾਂ ਲੈਣਾ ਵੀ ਬੱਚਿਆਂ ਦੇ ਦਿਮਾਗ ਤੇ ਮਾੜੇ ਪ੍ਰਭਾਵ ਪਾਉਂਦਾ ਹੈ। ਚਾਹੀਦਾ ਤਾਂ ਇਹ ਹੈ ਕਿ ਬਾਲ ਉਮਰ ਵਿੱਚ ਬੱਚਿਆਂ ਨੂੰ ਮਾਪਿਆਂ ਵੱਲੋਂ ਚੰਗੇ ਸੰਸਕਾਰ ਦੇਣੇ ਚਾਹੀਦੇ ਹਨ। ਪਰ ਅੱਜ ਦੇ ਬੱਚਿਆਂ ਤੇ ਨੌਜਵਾਨਾਂ ਦੇ ਨਾਲ-ਨਾਲ ਹਰ ਉਮਰ ਵਰਗ ਦੇ ਵਿਅਕਤੀ ਨੂੰ ਮੋਬਾਇਲ ਨੇ ਆਪਣੀ ਜਕੜ ਵਿੱਚ ਲੈ ਲਿਆ ਹੈ। ਪਰ ਬੱਚਿਆਂ ਵੱਲੋਂ ਮੋਬਾਇਲ ਦੀ ਜਿਆਦਾ ਵਰਤੋਂ ਕਰਨਾ ਇਸ ਗੱਲ ਤੋਂ ਮਾਪੇ ਬੇਖ਼ਬਰ ਹਨ ਕਿ ਸਾਡੇ ਬੱਚੇ ਸਾਰਾ ਦਿਨ ਮੋਬਾਇਲ ਦੇਖਦੇ ਹਨ ਤਾਂ ਉਹਨਾਂ ਦਾ ਕੀ ਨੁਕਸਾਨ ਹੋਵੇਗਾ। ਅਕਸਰ ਹੀ ਘਰਾਂ ਵਿੱਚ ਦੇਖਿਆ ਜਾਂਦਾ ਹੈ ਕਿ ਮਾਵਾਂ ਮਸੂਮ ਬਾਲ ਦੇ ਥੋੜ੍ਹਾ ਜਿਹਾ ਰੋਣ ਤੇ ਹੀ ਉਨ੍ਹਾਂ ਦੇ ਹੱਥ ਵਿੱਚ ਮੋਬਾਇਲ ਫੜਾ ਦਿੰਦੀਆਂ ਹਨ ਕਿ ਸਾਨੂੰ ਤੰਗ ਨਹੀਂ ਕਰੇਗਾ।ਜਦੋਂ ਬੱਚੇ ਦੇ ਹੱਥ ਵਿੱਚ ਮੋਬਾਇਲ ਆ ਗਿਆ ਤਾਂ ਉਹ ਜਿੱਦ ਕਰੇਗਾ ਕਿ ਉਹਨਾਂ ਨੂੰ ਗੇਮਾਂ ਲਗਾ ਦਿੱਤੀਆਂ ਜਾਣ, ਜੇ ਮਾਪੇ ਗੇਮਾਂ ਨਹੀਂ ਲਗਾਉਂਦੇ ਤਾਂ ਉਹ ਜਿੱਦ ਕਰਦਾ ਹੈ ਹੌਲੀ ਹੌਲੀ ਬੱਚਾ ਮਾਪਿਆਂ ਤੋਂ ਦੇਖ ਕੇ ਹੀ ਆਪ ਹੀ ਐਸੀਆਂ ਮਾਰਧਾੜ ਅਤੇ ਗਲਤ ਦਿਸ਼ਾ ਵਾਲੀਆਂ ਖਤਰਨਾਕ ਗੇਮਾਂ ਦੇਖਦਾ ਹੋਰ ਅਲਾਮਤਾਂ ਵਿੱਚ ਵੀ ਫਸਦਾ ਜਾਂਦਾ ਹੈ। ਮੋਬਾਇਲਾਂ ਉੱਪਰ ਗੇਮਾਂ ਜਾਂ ਹੋਰ ਆਈਟਮਾਂ ਕਿਵੇਂ ਦੇਖਣੀਆਂ ਹਨ ਇਹ ਸਾਡੇ ਨਾਲੋਂ ਵੱਧ ਬੱਚਿਆਂ ਨੂੰ ਜਿਆਦਾ ਪਤਾ ਹੈ ਬਚਪਨ ਵਿੱਚ ਹੀ ਉਹਨਾਂ ਦੇ ਉਂਗਲਾਂ ਦੇ ਪੋਟੇ ਬੜੇ ਤੇਜ਼ ਗੂਗਲ ਉੱਪਰ ਚੱਲਦੇ ਹਨ ਜੋ ਬਾਲ ਮਨਾਂ ਉੱਪਰ ਮਾੜੇ ਪ੍ਰਭਾਵ ਪਾਉਂਦੇ ਹਨ। ਐਸਾ ਕਰਨ ਨਾਲ ਬੱਚਿਆਂ ਦਾ ਬੌਧਿਕ ਵਿਕਾਸ ਰੁਕ ਜਾਂਦਾ ਹੈ ਅਤੇ ਬੱਚੇ ਮੋਬਾਇਲ ਦੇ ਗੁਲਾਮ ਹੋ ਕੇ ਰਹਿ ਜਾਂਦੇ ਹਨ। ਜੇਕਰ ਉਹਨਾਂ ਨੂੰ ਖਾਣਾ ਖਾਣ ਸਮੇਂ ਮੋਬਾਇਲ ਨਾਂ ਫੜਾਈਏ ਤਾਂ ਉਹ ਜਿੱਦ ਕਰਦੇ ਰੋਣ ਲੱਗ ਜਾਂਦੇ ਹਨ ਜਿਸ ਤੇ ਉਹਨਾਂ ਤੋਂ ਮਾਪੇ ਆਪਣਾ ਖਹਿੜਾ ਛੁਡਵਾਉਣ ਲਈ ਉਹਨਾਂ ਦੇ ਹੱਥ ਮੋਬਾਇਲ ਫੜਾ ਦਿੰਦੇ ਹਨ। ਅਨੋਖੇ ਮਾਪਿਆਂ ਨੂੰ ਬੱਚੇ ਦੀ ਹਰ ਜਿੱਦ ਅੱਗੇ ਹਥਿਆਰ ਨਹੀਂ ਸੁੱਟਣੇ ਚਾਹੀਦੇ ਸਗੋਂ ਬੱਚੇ ਨੂੰ ਸਮਝਾ ਬੁਝਾ ਕੇ ਇਸ ਪਾਸੋਂ ਵਰਜਣਾ ਚਾਹੀਦਾ ਹੈ। ਬੱਚੇ ਦਾ ਮਨ ਕੋਰਾ ਕਾਗਜ ਹੁੰਦਾ ਹੈ ਕੋਰੇ ਕਾਗਜ ਉੱਪਰ ਜੋ ਵੀ ਤੁਸੀਂ ਵਾਹੋਗੇ ਉਹੀ ਅੱਗੇ ਜਾ ਕੇ ਬੱਚੇ ਨੇ ਜਿੰਦਗੀ ਵਿੱਚ ਗ੍ਰਹਿਣ ਕਰਨਾ ਹੁੰਦਾ ਹੈ। ਭਾਵੇਂ ਕਿ ਇੰਟਰਨੈਟ ਨੇ ਡਿਜੀਟਲ ਕ੍ਰਾਂਤੀ ਲਿਆਂਦੀ ਹੈ। ਇੰਟਰਨੈਟ ਗੂਗਲ ਉੱਪਰ ਦੁਨੀਆਂ ਭਰ ਦਾ ਕਿਸੇ ਤਰ੍ਹਾਂ ਦਾ ਵੀ ਗਿਆਨ ਲਿਆ ਜਾ ਸਕਦਾ ਹੈ ਚੰਗੇ ਗੁਣ ਵੀ ਪੈਦਾ ਕੀਤੇ ਜਾ ਸਕਦੇ ਹਨ। ਇਹ ਸਭ ਮਾਪਿਆਂ ਨੇ ਦੇਖਣਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਕੀ ਦੇਣਾ ਚਾਹੁੰਦੇ ਹਨ। ਮੋਬਾਇਲ ਉਪਰ ਬੱਚਿਆਂ ਵੱਲੋਂ ਦੇਖੀਆਂ ਜਾਂਦੀਆਂ ਗੇਮਾਂ ਜਦੋਂ ਬੱਚੇ ਸਕੂਲਾਂ ਕਾਲਜਾਂ ਵਿੱਚ ਪਹੁੰਚਦੇ ਹਨ ਤਾਂ ਉਹੀ ਗੇਮਾਂ ਕਈ ਜੁਰਮਾਂ ਨੂੰ ਜਨਮ ਦਿੰਦੀਆਂ ਹਨ। ਪਬ ਵਰਗੀਆਂ ਤੇ ਹੋਰ ਖਤਰਨਾਕ ਗੇਮਾਂ ਬੱਚਿਆਂ ਲਈ ਜਾਨ ਲੇਵਾ ਵੀ ਹੋ ਜਾਂਦੀਆਂ ਹਨ ਜੋ ਅੱਗੇ ਜਾ ਕੇ ਬੱਚੇ ਵੱਡਾ ਨੁਕਸਾਨ ਕਰ ਲੈਂਦੇ ਹਨ ਤੇ ਕਈ ਬੱਚਿਆਂ ਦੀਆਂ ਤਾਂ ਐਸੀਆਂ ਖਤਰਨਾਕ ਗੇਮਾਂ ਕਰਕੇ ਜਾਨਾਂ ਵੀ ਗਈਆਂ ਹਨ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਦਾ ਖਿਆਲ ਰੱਖਿਆ ਜਾਵੇ ਮੋਬਾਇਲ ਦੀ ਘੱਟ ਤੋਂ ਘੱਟ ਵਰਤੋ ਕੀਤੀ ਜਾਵੇ ਨਹੀਂ ਤਾਂ ਕੋਈ ਸਮਾਂ ਐਸਾ ਵੀ ਆਵੇਗਾ ਜਿਵੇਂ ਨਸ਼ੇੜੀ ਨੂੰ ਨਸ਼ਾ ਛੁਡਾਊ ਸੈਂਟਰਾਂ ਵਿੱਚ ਦਾਖਲ ਕਰਕੇ ਨਸ਼ਾ ਛੁਡਵਾਇਆ ਜਾਂਦਾ ਹੈ ਇਸ ਤਰ੍ਹਾਂ ਹੀ ਬੱਚਿਆਂ ਨੂੰ ਵੀ ਮੋਬਾਇਲ ਤੋਂ ਖਹਿੜਾ ਛੁਡਵਾਉਣ ਲਈ ਸੈਂਟਰ ਬਣਾਏ ਜਾਣਗੇ। ਬੱਚਿਆਂ ਤੋਂ ਇਲਾਵਾ ਸਕੂਲਾਂ ਕਾਲਜਾਂ ਵਿੱਚ ਵੀ ਬੱਚੇ ਮੋਬਾਈਲਾਂ ਦੀ ਜ਼ਿਆਦਾ ਵਰਤੋਂ ਕਰਦੇ ਹਨ। ਇਹ ਸੱਚ ਹੈ ਕਿ ਮੋਬਾਈਲ ਰਾਹੀਂ ਬਹੁਤ ਗਿਆਨ ਲਿਆ ਜਾ ਸਕਦਾ ਹੈ ਪਰ ਅੱਜ ਦੀ ਜਵਾਨੀ ਗਿਆਨ ਵਾਲੇ ਪਾਸੇ ਘੱਟ ਮੋਬਾਇਲ ਵਿੱਚ ਆਉਂਦੀਆਂ ਗੰਦੀਆਂ ਤੇ ਖਤਰਨਾਕ, ਮਾਰ ਧਾੜ ਵਾਲੀਆਂ ਵੀਡੀਓ ਵੱਲ ਜ਼ਿਆਦਾ ਧਿਆਨ ਦਿੰਦੀ ਹੈ। ਵੈਸੇ ਬੱਚਿਆਂ ਨੂੰ ਵਿਗਾੜਨ ਵਿਚ ਮਾਵਾਂ ਦਾ ਵੀ ਵੱਡਾ ਯੋਗਦਾਨ ਹੁੰਦਾ ਹੈ। ਜਦੋਂ ਬੱਚਿਆਂ ਸਾਹਮਣੇ ਸਾਰਾ ਦਿਨ ਆਪ ਵੀ ਮੋਬਾਇਲ ਦਾ ਖਹਿੜਾ ਨਹੀਂ ਛੱਡਦੀਆਂ। ਇਹੀ ਕਾਰਨ ਬੱਚਿਆਂ ਦਾ ਮਨ ਪੜ੍ਹਾਈ ਵੱਲੋਂ ਹਟ ਕੇ ਗਲਤ ਹਰਕਤਾਂ ਵੱਲ ਚਲਾ ਜਾਂਦਾ ਹੈ ਜਿਸ ਦੇ ਘਾਤਕ ਨਤੀਜੇ ਨਿਕਲਦੇ ਹਨ ਤੇ ਅੱਗੇ ਜਾ ਕੇ ਉਹ ਨੌਜਵਾਨ ਵੱਡੇ ਵੱਡੇ ਜੁਰਮ ਕਰਨ ਲੱਗਦੇ ਹਨ। ਆਓ ਆਪਣੇ ਬੱਚਿਆਂ ਨੂੰ ਛੋਟੇ ਹੁੰਦਿਆਂ ਮੋਬਾਇਲ ਦੀ ਘੱਟ ਤੋਂ ਘੱਟ ਵਰਤੋਂ ਕਰਨ ਦੇਈਏ ਤਾਂ ਕਿ ਬੱਚੇ ਵੱਡੇ ਹੋ ਕੇ ਵੀ ਮੋਬਾਇਲ ਦੇ ਗੁਲਾਮ ਨਾਂ ਬਣਨ ਅਤੇ ਮੋਬਾਇਲ ਵਿੱਚੋਂ ਘੱਟ ਤੋਂ ਘੱਟ ਸਮੇਂ ਵਿੱਚ ਚੰਗੇ ਗੁਣ ਸਿੱਖ ਸਕਣ।

ਆਵਾਜ਼ਿ ਕੌਮ AWAZE QAUM International Newspaper & WEB TV

**– ਸੁਖਜਿੰਦਰ ਕੌਰ ਧਾਲੀਵਾਲ**
**ਅਸਿਸਟੈਂਟ ਪ੍ਰੋਫੈਸਰ ਕੰਪਿਊਟਰ ਅਪਲੀਕੇਸਨ**
**ਬਾਬਾ ਫਰੀਦ ਕਾਲਜ਼ ਆਫ਼ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਬਠਿੰਡਾ**



"ਹਕੂਮਤ-ਏ-ਹਿੰਦ ਨਾਲ ਟੱਕਰ ਲੈਣ ਲਈ ਮੈਂ ਐਨਾ ਹੀ ਕਰ ਸਕਿਆ, ਮੇਰਾ ਐਨਾ ਕੁ ਹਿੱਸਾ ਕਬੂਲ ਕਰਿਓ।"



ਬੰਦੀ ਸਿੰਘਾਂ ਦੇ ਦਰਦੀ

# ਬਾਬਾ ਸੂਰਤ ਸਿੰਘ ਜੀ ਖ਼ਾਲਸਾ

7 ਮਾਰਚ, 1933 - 14 ਜਨਵਰੀ, 2025

## ਅੰਤਮ ਸਸਕਾਰ, ਭੋਗ ਅਤੇ ਅਰਦਾਸ

ਐਤਵਾਰ, 26 ਜਨਵਰੀ 2025

**ਅੰਤਮ ਸਸਕਾਰ**

ਦੁਪਹਿਰ 11 ਤੋਂ 2 ਵਜੇ

Chapels Of Chimes • 32992 Mission Blvd, Hayward

**ਲੰਗਰ**

2:30 ਵਜੇ

**ਭੋਗ ਅਤੇ ਅੰਤਮ ਅਰਦਾਸ**

3 ਤੋਂ 5 ਵਜੇ

Gurdwara Sahib • 300 Gurdwara Rd., Fremont

ਰਵਿੰਦਰਜੀਤ ਸਿੰਘ ਗੋਗੀ: 661.978.0183

ਆਵਾਜ਼ਿ ਕੌਮ AWAZE QAUM International Newspaper & WEB TV




## ਕੀ ਉੱਥੇ ਡਾਲਰ ਦਰੱਖਤਾਂ ਨੂੰ ਲੱਗਦੇ ਨੇ

# ਕਿਉਂ ਜਾ ਰਹੀ ਐ ਪੰਜਾਬ ਛੱਡ ਸੱਤ ਸਮੁੰਦਰੋਂ ਪਾਰ ਪੰਜਾਬ ਦੀ ਜਵਾਨੀ

**ਸਾਡਾ ਰੰਗਲਾ** ਪੰਜਾਬ ਕਿਧਰ ਨੂੰ ਜਾ ਰਿਹਾ ਹੈ। ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਦੇ ਵਾਰਿਸ ਅੱਜ ਨਸ਼ਿਆਂ ਦੀ ਦਲਦਲ ਵਿੱਚ ਡੁੱਬ ਕੇ ਆਪਣੀ ਹੋਂਦ ਨੂੰ ਆਪਣੇ ਹੱਥੀਂ ਨਸ਼ਿਆਂ ਦੀ ਭੱਠੀ ਵਿੱਚ ਪੈ ਕੇ ਮਿਟਾ ਰਹੇ ਹਨ। ਪੰਜਾਬ ਦੇ ਜਿਹੜੇ ਚੋਬਰਾਂ ਦੀਆਂ ਗੱਲਾਂ ਕਿਸੇ ਸਮੇਂ ਸੱਤ ਸਮੁੰਦਰੋਂ ਪਾਰ ਹੁੰਦੀਆਂ ਸਨ।ਅੱਜ ਉਹੀ ਪੰਜਾਬ ਦੇ ਚੋਬਰ ਨਸ਼ਿਆਂ ਦੀ ਭੱਠੀ ਵਿੱਚ ਪੈ ਕੇ ਆਪਣੀ ਕੁੰਦਨ ਵਰਗੀ ਦੇਹੀ ਨੂੰ ਬਰਬਾਦ ਕਰ ਰਹੇ ਹਨ।ਪੰਜਾਬ ਵਿੱਚ ਪੜ੍ਹੇ ਲਿਖੇ ਡਿਗਰੀਆਂ ਚੁੱਕੀ ਨੌਜਵਾਨ ਸੜਕਾਂ ਉੱਪਰ ਧਰਨੇ ਮੁਜ਼ਾਹਰੇ ਲਾਕੇ, ਪਾਣੀ ਦੀਆਂ ਟੈਂਕੀਆਂ ਤੇ ਚੜ੍ਹਕੇ



ਆਪਣੇ ਹੱਕਾਂ ਦੀ ਲੜਾਈ ਲੜ ਰਹੇ ਹਨ। ਰੁਜ਼ਗਾਰ ਦੇਣ ਬਦਲੇ ਉਨ੍ਹਾਂ ਉੱਪਰ ਪੁਲਿਸ਼ ਵੱਲੋਂ ਲਾਠੀਚਾਰਜ, ਪਾਣੀ ਦੀਆਂ ਬੁਛਾਰਾਂ ਜਾਂ ਉਹਨਾਂ ਨੂੰ ਹਵਾਲਾਤਾਂ ਹੀ ਮਿਲਦੀਆਂ ਹਨ। ਸਮੇਂ ਦੀਆਂ ਸਰਕਾਰਾਂ ਪੜ੍ਹੇ ਲਿਖੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਨਹੀਂ ਪੈਦਾ ਕਰ ਰਹੀਆਂ। ਮਜਬੂਰਨ ਉਹ ਆਪਣੇ ਰਸਤੇ ਤੋਂ ਭਟਕ ਕੇ ਨਸ਼ਿਆਂ ਦੇ ਆਦੀ ਹੋ ਜਾਂਦੇ ਹਨ। ਬਾਕੀ ਮਜਬੂਰਨ ਉਨ੍ਹਾਂ ਦੇ ਚਿੰਤਤ ਮਾਪੇ ਆਪਣੀਆਂ ਜਮੀਨਾਂ ਜਾਇਦਾਦਾਂ ਵੇਚ ਕੇ ਆਪਣੇ ਜਿਗਰ ਦੇ ਟੋਟਿਆਂ ਨੂੰ ਲੱਖਾਂ ਰੁਪਈਏ ਲਗਾ ਕੇ ਸੱਤ ਸਮੁੰਦਰੋਂ ਪਾਰ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਜਾਂ ਹੋਰ ਦੇਸ਼ਾਂ ਵੱਲ ਪੜ੍ਹਾਈ ਕਰਨ ਦੇ ਨਾਲ ਨਾਲ ਆਪਣੇ ਘਰ ਦੇ ਹਾਲਾਤ ਸੁਧਾਰਨ ਲਈ ਜਹਾਜ ਚੜ੍ਹਾ ਦਿੰਦੇ ਹਨ। ਪੰਜਾਬ ਜਿਸ ਨੂੰ ਕਿਸੇ ਸਮੇਂ ਸੋਨੇ ਦੀ ਚਿੜੀ ਵੀ ਕਿਹਾ ਜਾਂਦਾ ਸੀ, ਪਰ ਸਮੇਂ ਦੇ ਹਾਕਮਾਂ ਨੇ ਜੇਕਰ ਇਮਾਨਦਾਰੀ ਨਾਲ ਪੰਜਾਬ ਨੂੰ ਸਾਂਭਿਆ ਹੁੰਦਾ, ਭ੍ਰਿਸ਼ਟਾਚਾਰੀ, ਰਿਸ਼ਵਤਖੋਰੀ, ਬੇਈਮਾਨੀ, ਬੇਰੁਜ਼ਗਾਰੀ ਨਾਂ ਹੁੰਦੀ ਤਾਂ ਪੰਜਾਬ ਦੀ ਜਵਾਨੀ ਪੰਜਾਬ ਛੱਡ ਉਨ੍ਹਾਂ ਅੰਗਰੇਜ਼ਾਂ ਦੀ ਦੁਬਾਰਾ ਗੁਲਾਮ ਨਾਂ ਬਣਦੀ ਜਿੰਨਾਂ ਅੰਗਰੇਜ਼ਾਂ ਨੇ ਸਾਡੇ ਭਾਰਤ ਤੇ 200 ਸਾਲ ਰਾਜ ਕਰਕੇ ਸਾਨੂੰ ਆਪਣਾ ਗੁਲਾਮ ਬਣਾਕੇ ਰੱਖਿਆ ਸੀ। ਰੰਗਲੇ ਪੰਜਾਬ ਦੇ ਵਾਰਸ ਵਿਦੇਸ਼ਾਂ ਵੱਲ ਰੁਖ ਕਰ ਚੁੱਕੇ ਨੇ ਜਿਨ੍ਹਾਂ ਦਾ ਪੰਜਾਬ ਵੱਲ ਮੁੜਨਾ ਐਨਾ ਸੌਖਾਲਾ ਨਹੀਂ ਹੈ। ਕਿਹੜੇ ਮਾਂ ਬਾਪ ਦਾ ਜੀਅ ਕਰਦਾ ਕਿ ਉਹ ਆਪਣੇ ਧੀ ਪੁੱਤ ਨੂੰ ਆਪਣੀ ਅੱਖਾਂ ਤੋਂ ਉਹਲੇ ਸੱਤ ਸਮੁੰਦਰੋਂ ਪਾਰ ਭੇਜੇ ਪਰ ਇੱਥੋਂ ਦੇ ਨਕਾਰਾ ਹੋ ਚੁੱਕੇ ਸਿਸਟਮ ਤੇ ਬੇਈਮਾਨ ਸਰਕਾਰਾਂ ਕਰਕੇ ਰੁਜਗਾਰ ਦੇ ਮੌਕੇ ਨਾ ਹੋਣ ਕਾਰਨ ਮਾਪੇ ਆਪਣੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਡਾਲਰਾਂ ਦੀ ਚਕਾਚੌਂਦ ਨੂੰ ਦੇਖਦਿਆਂ ਸੱਤ ਸਮੁੰਦਰੋਂ ਪਾਰ ਭੇਜ ਦਿੰਦੇ ਹਨ। ਕੈਨੇਡਾ, ਅਮਰੀਕਾ ਵਰਗੇ ਦੇਸ਼ਾਂ ਵਿੱਚ ਬੱਚੇ ਕਿਵੇਂ ਮਸ਼ੀਨਾਂ ਬਣਕੇ ਕੰਮ ਕਰਦੇ ਹਨ ਇਹ ਤਾਂ ਉਹੀ ਜਾਣਦੇ ਹਨ।ਅਸੀਂ ਸੋਚਦੇ ਹਾਂ ਕਿ ਡਾਲਰ ਸ਼ਾਇਦ ਦਰੱਖਤਾਂ ਨਾਲ ਲੱਗਦੇ ਹੋਣਗੇ, ਪਰ ਜਦੋਂ ਪੰਜਾਬ ਦੇ ਨੌਜਵਾਨਾਂ ਵੱਲੋਂ ਡਬਲ ਸ਼ਿਫਟਾਂ ਲਗਾਕੇ ਜੋ ਦਿਹਾੜੀਆ ਕੀਤੀਆਂ ਜਾਂਦੀਆਂ ਹਨ ਉਹਨਾਂ ਨੂੰ ਪਤਾ ਕਿ ਡਾਲਰ ਕਿਵੇਂ ਕਮਾਏ ਜਾਂਦੇ ਨੇ, ਆਪਣਾ ਸੁਖ ਆਰਾਮ ਨੀਂਦ ਤਿਆਗ ਕੇ ਇਹ ਬੱਚੇ ਪਹਿਲਾਂ ਪੜ੍ਹਾਈ ਕਰਦੇ ਨੇ ਤੇ ਫੇਰ ਸਖ਼ਤ ਮਿਹਨਤ ਕਰਕੇ ਮਿਲੇ 24 ਘੰਟੇ ਹਫਤੇ ਦੇ ਕੰਮ ਕਰਕੇ ਆਪਣੀਆਂ ਫੀਸਾਂ ਅਤੇ ਮਹਿੰਗੇ ਕਿਰਾਏ ਤੇ ਮਿਲੇ ਬੇਸਮੈਂਟਾਂ ਦੇ ਕਮਰਿਆਂ ਦਾ ਕਿਰਾਇਆ ਅਤੇ ਰਸੋਈ ਦਾ ਖਰਚਾ ਕੱਢਦੇ ਨੇ। ਪਰ ਅਸੀਂ ਵਿਦੇਸ਼ਾਂ ਵਿੱਚ ਗਏ ਧੀਆਂ ਪੁੱਤਾਂ ਬਾਰੇ ਕੁਝ ਵੀ ਨਹੀਂ ਜਾਣਿਆ ਕਿ ਉਹ ਉੱਥੇ ਕਿੰਨੀ ਔਖੀ ਜਿੰਦਗੀ ਜੀਅ ਰਹੇ ਹਨ। ਕੋਈ ਵੀ ਮਾਂ ਬਾਪ ਨਹੀਂ ਚਾਹੁੰਦਾ ਕਿ ਉਹਨਾਂ ਦੇ ਲਾਡਲੇ ਧੀ ਪੁੱਤ ਸੱਤ ਸਮੁੰਦਰੋਂ ਪਾਰ ਜਾਣ ਪਰ ਪੰਜਾਬ ਵਿੱਚ ਵਿਗੜੇ ਹਾਲਾਤਾਂ ਕਾਰਨ ਉਹ ਆਪਣੇ ਜਿਗਰ ਦੇ ਟੁਕੜਿਆਂ ਨੂੰ ਵਿਦੇਸ਼ਾਂ ਦੀ ਧਰਤੀ ਉੱਪਰ ਮਜ਼ਦੂਰੀ ਕਰਨ ਲਈ ਭੇਜ ਰਹੇ ਹਨ। ਕੈਨੇਡਾ, ਅਮਰੀਕਾ ਵਰਗੇ ਵੱਡੇ ਦੇਸ਼ਾਂ ਵਿੱਚੋਂ ਜਦੋਂ ਖਬਰਾਂ ਮਿਲਦੀਆਂ ਹਨ ਕਿ ਵਿਦਿਆਰਥੀ ਨੂੰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਤਾਂ ਮਾਪਿਆਂ ਦਾ ਹਾਲ ਪੁੱਛਿਆ ਹੀ ਬਣਦਾ ਹੈ। ਰੋਜੀ ਰੋਟੀ ਦੀ ਤਲਾਸ਼ ਵਿੱਚ ਵਿਦੇਸ਼ਾਂ ਚ ਗਿਆ ਪੁੱਤ ਜਾਂ ਧੀ ਜਦੋਂ ਲਾਸ਼ ਬਣ ਕੇ ਘਰ ਪਹੁੰਚਦੇ ਨੇ ਫੇਰ ਮਾਪੇ ਜਿਉਂਦੇ ਜੀਅ ਹੀ ਮਰ ਜਾਂਦੇ ਹਨ। ਮਾਪਿਆਂ ਨੂੰ ਬੇਨਤੀ ਹੈ ਕਿ ਆਪਣੇ ਵਿਦੇਸ਼ਾਂ ਵਿੱਚ ਗਏ ਧੀ ਪੁੱਤ ਨਾਲ ਹਰ ਰੋਜ਼ ਗੱਲਬਾਤ ਕਰਦੇ ਰਿਹਾ ਕਰਨ, ਉਹਨਾਂ ਕੋਲੋਂ ਡਾਲਰ ਨਹੀਂ ਬਲਕਿ ਉਹਨਾਂ ਦੀ ਸਿਹਤ ਦੀ ਤੰਦਰੁਸਤੀ ਬਾਰੇ ਗੱਲਬਾਤ ਕਰਨ। ਆਓ ਅਸੀਂ ਆਪਣੇ ਰੰਗਲੇ ਪੰਜਾਬ ਨੂੰ ਇੱਥੇ ਰਹਿਕੇ ਹੀ ਖੁਸ਼ਹਾਲ ਬਣਾ ਦੇਈਏ ਕਿ ਸਾਨੂੰ ਵਿਦੇਸ਼ਾਂ ਵਿੱਚ ਜਾਣ ਦੀ ਲੋੜ ਹੀ ਨਾਂ ਪਵੇ।ਸਮੇਂ ਦੀਆਂ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰੇ ਤਾਂ ਫਿਰ ਜਵਾਨੀ ਵਿਦੇਸ਼ਾਂ ਵਿੱਚ ਨਾਂ ਜਾਵੇ।



**-ਗਗਨਪੁਨੀਤ ਕੌਰ, ਬੀਸੀਏ ਭਾਗ-1**
**ਬਾਬਾ ਫਰੀਦ ਕਾਲਜ਼ ਆਫ਼**
**ਇੰਜੀਨੀਅਰਿੰਗ ਐਂਡ ਟੈਕਨੋਲੋਜੀ**
**ਬਠਿੰਡਾ**

# ਪਿੰਡ ਸੰਦੋਹਾ ਦੀ ਸੰਦੀਪ ਕੌਰ ਕੈਨੇਡਾ ਵਿੱਚ ਲਾਪਤਾ, ਇੰਟਰਨੈੱਟ ਮੀਡੀਆ ਖਾਤਾ ਬੰਦ

## ਪਰਿਵਾਰ ਨੇ ਜ਼ਮੀਨ ਵੇਚ ਕੇ ਭੇਜਿਆ ਸੀ ਕੈਨੇਡਾ

ਤਲਵੰਡੀ ਸਾਬੋ, 24 ਜਨਵਰੀ (ਗੁਰਜੰਟ ਸਿੰਘ ਨਥੇਹਾ)- ਬਠਿੰਡਾ ਜ਼ਿਲ੍ਹੇ ਦੇ ਪਿੰਡ ਸੰਦੋਹਾ ਦੀ ਸੰਦੀਪ ਕੌਰ 15 ਜਨਵਰੀ ਤੋਂ ਕੈਨੇਡਾ ਵਿੱਚ ਲਾਪਤਾ ਹੈ।ਪਰਿਵਾਰ ਨੇ ਦੂਤਾਵਾਸ ਅਤੇ ਧੀ ਦੇ ਦੋਸਤਾਂ ਤੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ, ਪਰ ਉਸਦਾ ਕੋਈ ਸੁਰਾਗ ਨਹੀਂ ਮਿਲਿਆ।ਹੁਣ, ਚਿੰਤਤ ਪਰਿਵਾਰ ਨੇ ਕੇਂਦਰ ਅਤੇ ਪੰਜਾਬ ਸਰਕਾਰਾਂ ਤੋਂ ਮਦਦ ਦੀ ਮੰਗ ਕੀਤੀ ਹੈ। ਪਿਤਾ ਗੁਰਮੇਲ ਸਿੰਘ ਨੇ ਕਿਹਾ ਕਿ ਉਸਨੇ ਆਪਣੀ ਜ਼ਮੀਨ ਵੇਚਕੇ ਆਪਣੀ ਧੀ ਨੂੰ ਬਿਹਤਰ ਭਵਿੱਖ ਲਈ ਕੈਨੇਡਾ ਭੇਜਿਆ ਸੀ। ਉਸਨੇ ਕੈਨੇਡਾ ਵਿੱਚ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਨੌਕਰੀ ਦੀ ਭਾਲ ਵਿੱਚ ਸੀ। ਉਹ ਪਰਿਵਾਰ ਨਾਲ ਨਿਯਮਤ ਸੰਪਰਕ ਵਿੱਚ ਰਹਿੰਦੀ ਸੀ। ਕੈਨੇਡੀਅਨ ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਸਮੁੰਦਰ ਦੀਆਂ ਲਹਿਰਾਂ ਵਿੱਚ ਡੁੱਬਣ ਦੀ ਸੰਭਾਵਨਾ ਹੋ ਸਕਦੀ ਹੈ ਪਰ ਪਰਿਵਾਰ ਇਸ ਤੋਂ ਸੰਤੁਸ਼ਟ ਨਹੀਂ ਹੈ। ਉਹ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਦੀ ਮੰਗ ਕਰ ਰਹੇ ਹਨ। ਸਚਾਈ ਸਾਹਮਣੇ ਲਿਆਉਣ ਲਈ ਪਰਿਵਾਰ ਦੋਵਾਂ ਸਰਕਾਰਾਂ ਤੋਂ ਦਖਲ ਦੇਣ ਦੀ ਅਪੀਲ ਕਰ ਰਿਹਾ ਹੈ। ਭਰਾ ਕੁਲਦੀਪ ਸਿੰਘ ਨੇ ਦੱਸਿਆ ਕਿ ਇਸ ਮਹੀਨੇ 15 ਜਨਵਰੀ ਤੋਂ ਉਸਦੀ ਭੈਣ ਦਾ ਫ਼ੋਨ ਬੰਦ ਹੋਣ ਤੋਂ ਬਾਅਦ, ਪਰਿਵਾਰਕ ਮੈਂਬਰਾਂ ਨੇ ਉਸ ਬਾਰੇ ਪੁੱਛਗਿੱਛ ਕੀਤੀ ਅਤੇ ਸਥਾਨਕ ਪੁਲਿਸ ਨੇ ਦੱਸਿਆ ਕਿ ਸੰਦੀਪ ਕੌਰ ਆਪਣੇ ਦੋਸਤ ਨਾਲ ਬੀਚ 'ਤੇ ਫੋਟੋਆਂ ਖਿੱਚ ਰਹੀ ਸੀ ਜਦੋਂ ਉਹ ਸਮੁੰਦਰ ਦੀਆਂ ਲਹਿਰਾਂ ਵਿੱਚ ਵਹਿ ਗਈ। ਪਰਿਵਾਰ ਨੇ ਪੁਲਿਸ ਜਾਂਚ 'ਤੇ ਸਵਾਲ ਖੜ੍ਹੇ ਕੀਤੇ ਹਨ। ਉਹ ਮੰਗ ਕਰ ਰਹੇ ਹਨ ਕਿ ਉਨ੍ਹਾਂ ਦੀ ਧੀ ਨਾਲ ਵਾਪਰੀ ਘਟਨਾ ਦੀ ਪੂਰੀ ਜਾਂਚ ਕੀਤੀ ਜਾਵੇ। ਭਰਾ ਨੇ ਦੱਸਿਆ ਕਿ ਭੈਣ ਨੇ ਲਗਭਗ ਤਿੰਨ ਮਹੀਨੇ ਪਹਿਲਾਂ ਸਾਰੇ ਇੰਟਰਨੈੱਟ ਮੀਡੀਆ ਖਾਤੇ ਬੰਦ ਕਰ ਦਿੱਤੇ ਸਨ। ਉਹ ਆਪਣੇ ਪਰਿਵਾਰ ਨਾਲ ਘੱਟ ਗੱਲ ਕਰਦੀ ਸੀ, ਪਰ ਕੁਝ ਦਿਨ ਪਹਿਲਾਂ ਉਸਨੇ ਆਪਣੇ ਪਰਿਵਾਰ ਨਾਲ ਵੀ ਗੱਲ ਕੀਤੀ ਸੀ।



# ਵਾਰਡ ਨੰਬਰ 35 ਬੀ ਜੇ ਪੀ ਕੌਂਸਲਰ ਆਮ ਆਦਮੀ ਪਾਰਟੀ 'ਚ ਸ਼ਾਮਿਲ

**ਚੌਕ ਮਹਿਤਾ, 24 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਨਗਰ ਨਿਗਮ ਅੰਮ੍ਰਿਤਸਰ ਤੋਂ ਭਾਜਪਾ (ਬੀ ਜੇ ਪੀ) ਦੇ ਕੌਂਸਲਰ ਅਮਰਜੀਤ ਕੌਰ ਮਾਨ ਪਤਨੀ ਗੁਰਕੰਵਲ ਸਿੰਘ ਮਾਨ, ਵਾਰਡ ਨੰਬਰ 35 ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਉਹਨਾਂ ਨੂੰ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਜੀ ਅਤੇ ਕਰਮਜੀਤ ਸਿੰਘ ਰਿੰਟੂ ਨੇ ਜੀ ਆਇਆਂ ਕਿਹਾ ਅਤੇ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਉਹਨਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ ਇਸ ਮੌਕੇ ਕੌਂਸਲਰ ਪ੍ਰਿਯੰਕਾ ਸ਼ਰਮਾ , ਰਿਤੇਸ਼ ਸ਼ਰਮਾ , ਆਸਦੀਪ ਗਿੱਲ, ਐਸ ਐਸ ਮੱਲ੍ਹੀ, ਸ਼ਿਖਾ ਰਾਮਬਾਨੀ, ਅਮਨਿੰਦਰਜੀਤ ਸਿੰਘ ਮੌਜੂਦ ਸਨ।



ਸ਼੍ਰੋਮਣੀ ਕਮੇਟੀ ਦੇ ਵਫਦ ਨੇ ਪਾਕਿਸਤਾਨ ਹਾਈ ਕਮਿਸ਼ਨਰ ਨਾਲ ਕੀਤੀ ਮੁਲਾਕਾਤ ਕਰਕੇ

# ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਦੇਣ ਦੀ ਕੀਤੀ ਮੰਗ

**ਨਵੀਂ ਦਿੱਲੀ, 24 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਅੱਜ ਸ਼੍ਰੋਮਣੀ ਕਮੇਟੀ ਦੇ ਇਕ ਵਫਦ ਨੇ ਦਿੱਲੀ 'ਚ ਪਾਕਿਸਤਾਨ ਹਾਈ ਕਮਿਸ਼ਨ ਦੇ ਮੁੱਖ ਕਮਿਸ਼ਨਰ ਸਾਦਅਹਿਮਦ ਵੜੈਚ ਨਾਲ ਮੁਲਾਕਾਤ ਕਰਕੇ ਪਾਕਿਸਤਾਨ ਸਥਿੱਤ ਗੁਰਧਾਮਾਂ ਦੇ ਦਰਸ਼ਨਾ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਗਈ ਸੂਚੀ ਅਨੁਸਾਰ ਸਾਰੇ ਵੀਜੇ ਦੇਣ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਅਨੁਸਾਰ ਸਿੱਖ ਜਥਾ ਭੇਜੇ ਜਾਣ ਦੀ ਮੰਗ ਕੀਤੀ। ਸ਼੍ਰੋਮਣੀ ਕਮੇਟੀ ਵੱਲੋਂ ਗਏ ਇਸ ਵਫਦ ਵਿੱਚ ਮੁੱਖ ਸਕੱਤਰ ਤੇ ਮੈਂਬਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸਕੱਤਰ ਸ. ਪ੍ਰਤਾਪ ਸਿੰਘ ਅਤੇ ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ ਮੌਜੂਦ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ. ਕੁਲਵੰਤ ਸਿੰਘ ਮੰਨਣ ਤੇ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਬੀਤੇ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਭੇਜੇ ਜਾਣ ਵਾਲੇ ਜਥੇ ਦੇ ਸ਼ਰਧਾਲੂਆਂ ਦੇ ਪਾਕਿਸਤਾਨ ਹਾਈ ਕਮਿਸ਼ਨ ਵੱਲੋਂ ਵੱਡੀ ਗਿਣਤੀ ਵੀਜੇ ਕੱਟ ਦਿੱਤੇ ਗਏ ਸਨ, ਜਿਸ ਨੂੰ ਲੈ ਕੇ ਪਾਕਿਸਤਾਨ ਹਾਈ ਕਮਿਸ਼ਨ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਹੈ ਜਿਸ ਵੱਲੋਂ ਹਰ ਸਾਲ ਖਾਲਸਾ ਸਾਜਨਾ ਦਿਵਸ (ਵਿਸਾਖੀ), ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ, ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਪਾਕਿਸਤਾਨ ਸਥਿੱਤ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨਾਂ ਲਈ ਜਥੇ ਭੇਜੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਜਥਿਆਂ ਲਈ ਪੰਜਾਬ ਰਾਜ ਕੋਲ ਕ੍ਰਮਵਾਰ 1800, 600, 300 ਅਤੇ 1800 ਵੀਜ਼ੇ ਦਾ ਪ੍ਰਵਾਨਿਤ ਕੋਟਾ ਹੈ, ਪ੍ਰੰਤੂ ਪਿਛਲੇ ਕੁਝ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਗਈ ਸਿੱਖ ਸ਼ਰਧਾਲੂਆਂ ਦੀ ਪੂਰੀ ਸੂਚੀ ਨੂੰ ਪਾਕਿਸਤਾਨ ਵੱਲੋਂ ਵੀਜ਼ਾ ਨਹੀਂ ਦਿੱਤਾ ਜਾਂਦਾ ਅਤੇ ਸ਼੍ਰੋਮਣੀ ਕਮੇਟੀ ਦੀ ਸੂਚੀ ਵਿੱਚੋਂ ਵੱਡੀ ਗਿਣਤੀ ਵਿੱਚ ਨਾਮ ਕੱਟ ਦਿੱਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਇਹ ਮਾਮਲਾ ਪਾਕਿਸਤਾਨ ਦੂਤਾਵਾਸ ਦੇ ਅਧਿਕਾਰੀਆਂ ਕੋਲ ਉਠਾਇਆ ਗਿਆ ਅਤੇ ਮੰਗ ਕੀਤੀ ਗਈ ਕਿ ਸਿੱਖ ਸ਼ਰਧਾਲੂਆਂ ਦੀ ਪਾਕਿਸਤਾਨ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਕਮੇਟੀ ਦੀ ਸੂਚੀ ਵਿੱਚੋਂ ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਜਾਣ।



ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਅਨੁਸਾਰ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜੇ ਜਾਣ ਦੀ ਮੰਗ ਵੀ ਕੀਤੀ ਗਈ ਹੈ। ਪਾਕਿਸਤਾਨ ਹਾਈ ਕਮਿਸ਼ਨ ਨੂੰ ਦਿੱਤੇ ਪੱਤਰ ਵਿਚ ਕਿਹਾ ਗਿਆ ਕਿ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਹਰ ਸਾਲ ਇੱਕ ਸਿੱਖ ਜਥਾ ਪਾਕਿਸਤਾਨ ਭੇਜਿਆ ਜਾਂਦਾ ਸੀ। ਸ਼੍ਰੋਮਣੀ ਕਮੇਟੀ ਹਰ ਸਾਲ ਸਿੱਖ ਕੌਮ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਂਦੀ ਹੈ, ਜਦੋਂ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਸਾਲ ਇਹ ਦਿਹਾੜਾ ਨਿਸ਼ਚਿਤ ਮਿਤੀ 16 ਜੂਨ ਨੂੰ ਮਨਾਉਂਦੀ ਹੈ। ਤਰੀਕਾਂ ਵਿੱਚ ਅੰਤਰ ਹੋਣ ਕਾਰਨ ਸਿੱਖ ਸ਼ਰਧਾਲੂਆਂ ਦਾ ਜਥਾ 2012 ਤੋਂ ਸ਼੍ਰੋਮਣੀ ਕਮੇਟੀ ਵੱਲੋਂ ਨਹੀਂ ਭੇਜਿਆ ਜਾ ਸਕਿਆ। ਤਰੀਕਾਂ ਵਿਚ ਅੰਤਰ ਹੋਣ ਕਾਰਨ ਪਾਕਿਸਤਾਨ ਹਾਈ ਕਮਿਸ਼ਨ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਅਨੁਸਾਰ ਭੇਜੇ ਗਏ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਵੀਜ਼ੇ ਨਹੀਂ ਦਿੰਦਾ, ਜਿਸ ਨਾਲ ਭਾਰਤੀ ਸਿੱਖ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਗਤ ਵੱਲੋਂ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਅਨੁਸਾਰ 30 ਮਈ 2025 (ਜੈਠ ਸੁਦੀ 4) ਨੂੰ ਮਨਾਇਆ ਜਾ ਰਿਹਾ ਹੈ। ਇਸ ਲਈ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਿਤੀ 30 ਮਈ, 2025 ਲਈ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤੇ ਜਾਣ।

ਆਵਾਜ਼ਿ ਕੌਮ AWAZE QAUM International Newspaper & WEB TV

ਖਾਲਸਾ ਕਾਲਜ ਮਹਿਤਾ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ

# ਪ੍ਰਕਾਸ਼ ਪੁਰਬ 'ਤੇ ਸੈਮੀਨਾਰ ਕਰਵਾਇਆ



**ਚੌਕ ਮਹਿਤਾ, 24 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)** -ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿਡਰਾਂਵਾਲ਼ਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕਾਲਜ ਮਹਿਤਾ ਵਿਖੇ ਅਮਰ ਸ਼ਹੀਦ ਬਾਬਾ ਦੀਪ ਜੀ ਦੇ ਪ੍ਰਕਾਸ਼ ਪੁਰਬ ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਜਿਸ ਮੌਕੇ ਵਿਦਿਆਰਥੀਆਂ ਨੇ ਬਾਬਾ ਜੀ ਦੇ ਜੀਵਨ ਨੂੰ ਕਵਿਤਾਵਾਂ, ਸ਼ਬਦ, ਭਾਸ਼ਣ ਅਤੇ ਕਵੀਸ਼ਰੀ ਆਦਿ ਦੁਆਰਾ ਪੇਸ਼ ਕੀਤਾ। ਇਸ ਸੁਨਿਹਰੇ ਮੌਕੇ ਤੇ ਕਾਲਜ ਦੇ ਪ੍ਰਿੰਸੀਪਲ ਸ.ਗੁਰਦੀਪ ਸਿੰਘ ਜਲਾਲ ਉਸਮਾ ਨੇ ਮਹਾਂਪੁਰਖਾਂ ਦੀ ਬਹੁਪੱਖੀ ਸ਼ਖਸੀਅਤ ਦੀ ਉਸਤਤ ਕਰਦਿਆਂ ਦੱਸਿਆ ਕਿ ਖਾਲਸਾ ਪੰਥ ਦੇ ਰੱਖਿਅਕ, ਸੂਰਬੀਰ ਤੇ ਮਹਾਨ ਵਿਦਵਾਨ, ਆਗੂ ਅਤੇ ਜੰਗੀ ਜਰਨੈਲ,ਕਥਨੀ ਤੇ ਕਰਨੀ ਦੇ ਸੂਰੇ, ਤਲਵਾਰ ਦੇ ਧਨੀ, ਨੇਕੀ ਤੇ ਭਗਤੀ ਦੀ ਸਾਖਿਆਤ ਮੂਰਤ,ਅਣਖ ਤੇ ਸ਼ਕਤੀ ਦੇ ਸੋਮੇ, ਪਵਿੱਤਰ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ 26 ਜਨਵਰੀ, 1682ਈ. ਨੂੰ ਪਿੰਡ ਪਹੂਵਿੰਡ, ਜਿਲ੍ਹਾ ਤਰਨਤਾਰਨ ਦੀ ਧਰਤੀ ਤੇ ਅਵਤਾਰ ਧਾਰਿਆ।ਬਾਬਾ ਜੀ ਦੇ ਜੀਵਨ ਦੀਆਂ ਮੁੱਖ ਘਟਨਾਵਾਂ, ਚਾਰ ਬੀੜਾਂ ਦੀ ਤਿਆਰੀ,ਸ਼ਹੀਦ ਮਿਸਲ ਦੇ ਮੁੱਖੀ, ਅਠਾਰਾਂ ਸੇਰ ਖੰਡੇ ਨਾਲ ਲੜੀ ਲੜਾਈ,ਦਸ਼ਮੇਸ਼ ਪਿਤਾ ਦਾ ਗਲ ਨਾਲ ਲਾਉਣਾ ਅਤੇ ਭਾਈ ਮਨੀ ਸਿੰਘ ਨਾਲ ਗੁਜ਼ਾਰਿਆ ਸਮਾਂ ਆਦਿ ਵਰਨਣਯੋਗ ਹਨ ।ਅੰਤ ਬਾਬਾ ਜੀ ਆਪਣੇ ਦੋਧਾਰੀ 18 ਸੇਰ ਦੇ ਖੰਡੇ ਨਾਲ ਦੁਸ਼ਮਣ ਫ਼ੌਜ ਨਾਲ ਲੜਦੇ ਹੋਏ ਅੰਮ੍ਰਿਤਸਰ ਸਾਹਿਬ ਪਹੁੰਚ ਗਏ।ਪਰਿਕਰਮਾ ਵਿੱਚ ਜਾ ਕੇ ਗੁਰੂਘਰ ਨੂੰ ਨਮਸਕਾਰ ਕਰਕੇ ਸੀਸ ਭੇਟ ਕੀਤਾ ਅਤੇ 13ਨਵੰਬਰ 1757 ਈ.ਨੂੰ ਸ਼ਹੀਦੀ ਪ੍ਰਾਪਤ ਕਰ ਗਏ।

ਇਸ ਤੋਂ ਇਲਾਵਾ ਸਮੂਹ ਸੰਗਤ ਨੂੰ ਅਪੀਲ ਕਰਦਿਆਂ ਉਹਨਾਂ ਕਿਹਾ ਕਿ ਸਿੱਖ ਕੌਮ ਦੇ ਮਹਾਨ ਸੂਰਬੀਰ ਯੋਧਿਆਂ ਨੇ ਆਪਣਾ ਖ਼ੂਨ ਵਹਾ ਕੇ ਸਿੱਖੀ ਦੀ ਸੇਵਾ ਕੀਤੀ ਹੈ। ਸਾਡਾ ਫਰਜ਼ ਹੈ ਕਿ ਸਿੱਖੀ ਨੂੰ ਬਚਾਉਣ ਲਈ, ਧਰਮ ਦੀ ਬੇਅਦਬੀ ਨੂੰ ਰੋਕਣ ਲਈ ਸਿੱਖੀ ਸਿਧਾਂਤਾਂ ਦੀ ਪਾਲਣਾ ਕਰਦਿਆਂ ਸਿੱਖੀ ਦੀ ਸ਼ਾਨ ਨੂੰ ਹੋਰ ਵਧਾਈਏ ਤੇ ਸਿੱਖੀ ਦੇ ਪਹਿਰੇਦਾਰ ਬਣੀਏ।

ਇਸ ਮੌਕੇ ਤੇ ਕਾਲਜ ਪ੍ਰਿੰ ਸ. ਗੁਰਦੀਪ ਸਿੰਘ ਜਲਾਲ ਉਸਮਾਂ , ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਸੁਖਦੇਵ ਸਿੰਘ, ਸੁਖਜੀਤ ਸਿੰਘ, ਯਾਦਵਿੰਦਰ ਸਿੰਘ, ਕੁਲਦੀਪ ਕੌਰ,ਮਨਜੀਤ ਕੌਰ, ਗੁਰਸ਼ਰਨਪ੍ਰੀਤ ਕੌਰ, ਕੌਰ, ਨਵਨੀਤ ਕੌਰ, ਪੂਰਤੀ ਸ਼ਰਮਾ, ਸੁਪਰੀਤ ਕੌਰ, ਰੁਪਿੰਦਰ ਕੌਰ, ਸੁਖਮਨਪ੍ਰੀਤ ਕੌਰ,ਗੁਰਵਿੰਦਰ ਕੌਰ, ਰਿਤਿਕਾ, ਮਨਪ੍ਰੀਤ ਕੌਰ, ਬਲਜੀਤ ਕੌਰ, ਪਵਨਪ੍ਰੀਤ ਕੌਰ, ਅਮਨਪ੍ਰੀਤ ਕੌਰ ਕਾਬਲ ਸਿੰਘ ਪੁਰਬਾ ਅਤੇ ਸਮੂਹ ਅਧਿਆਪਕ ਸਾਹਿਬਾਨਾਂ ਨੇ ਸਮੂਹ ਸੰਗਤਾਂ ਨੂੰ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਤਿੰਨ ਰੋਜ਼ਾ ਸਮਾਗਮ ਅੱਜ ਤੋਂ

**ਬੱਚਿਆਂ ਦੀ ਸਮੂਹਿਕ ਦਸਤਾਰ ਬੰਦੀ 25 ਜਨਵਰੀ ਸਵੇਰੇ 11 ਵਜੇ,ਅੰਮ੍ਰਿਤ ਸੰਚਾਰ 26 ਜਨਵਰੀ ਸਵੇਰੇ 11 ਵਜੇ, ਵਿਸ਼ੇਸ਼ ਜਪ ਤਪ ਸਮਾਗਮ 27 ਜਨਵਰੀ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ -ਅਮਨਦੀਪ ਸਿੰਘ**



**ਚੌਕ ਮਹਿਤਾ, 24 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ,ਅੱਡਾ ਬਾਉਲੀ, ਰਾਮ ਤੀਰਥ ਰੋਡ,ਸ਼੍ਰੀ ਅੰਮ੍ਰਿਤਸਰ ਦੇ ਮੁੱਖ ਪ੍ਰਬੰਧਕ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਜੀ ਦੀ ਰਹਿਨੁਮਾਈ ਹੇਠ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਤਿੰਨ ਰੋਜ਼ਾ ਗੁਰਮਤਿ ਸਮਾਗਮ ਦਾਤਾ ਬੰਦੀ ਛੋੜ ਪਬਲਿਕ ਸਕੂਲ,ਰਾਮ ਤੀਰਥ ਰੋਡ,ਅੰਮ੍ਰਿਤਸਰ ਵਿਖੇ 25,26 ਅਤੇ 27 ਜਨਵਰੀ ਨੂੰ ਕਰਵਾਏ ਜਾ ਰਹੇ ਹਨ।ਜਿਸ ਵਿੱਚ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਵਾਲੇ,ਭਾਈ ਅਮਨਦੀਪ ਸਿੰਘ ਬੀਬੀ ਕੌਲਾਂ ਵਾਲੇ, ਭਾਈ ਵਰਿੰਦਰ ਸਿੰਘ ਕੰਗ ਲੁਧਿਆਣੇ ਵਾਲੇ, ਕੁਲਜੀਤ ਸਿੰਘ ਨਰੋਬੀ ਵਾਲੇ ,ਭਾਈ ਗੁਰਚਰਨ ਸਿੰਘ ਕਥਾ ਵਾਚਕ,ਸਿੰਘ ਸਾਹਿਬਾਨ ਅਤੇ ਸੰਤ ਮਹਾਂਪੁਰਸ਼ ਕਥਾ-ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।ਜਾਣਕਾਰੀ ਦਿੰਦੇ ਹੋਏ ਭਾਈ ਅਮਨਦੀਪ ਸਿੰਘ ਨੇ ਦੱਸਿਆ 25 ਜਨਵਰੀ ਦਿਨ ਸ਼ਨੀਵਾਰ ਸਵੇਰੇ 11 ਵਜੇ ਬੱਚਿਆਂ ਦੀ ਸਮੂਹਿਕ ਦਸਤਾਰ ਬੰਦੀ ਹੋਵੇਗੀ ਅਤੇ ਕੀਰਤਨ ਸਮਾਗਮ ਹੋਵੇਗਾ,26 ਜਨਵਰੀ ਦਿਨ ਐਤਵਾਰ ਨੂੰ ਅੰਮ੍ਰਿਤ ਸੰਚਾਰ ਸਵੇਰੇ 11:00 ਵਜੇ ਹੋਵੇਗਾ ਉਪਰੰਤ ਜਪ ਤਪ ਸਮਾਗਮ ਹੋਣਗੇ ਅਤੇ 27 ਜਨਵਰੀ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ੇਸ਼ ਚੁਪਹਿਰਾ ਜਪ ਤਪ ਸਮਾਗਮ ਹੋਵੇਗਾ।ਭਾਈ ਸਾਹਿਬ ਵੱਲੋਂ ਸਮੂਹ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਨੂੰ ਬੇਨਤੀ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਅਮਤੇਸ਼ਵਰ ਸਿੰਘ, ਭਾਈ ਮਨਮੀਤ ਸਿੰਘ,ਭਾਈ ਜਸਬੀਰ ਸਿੰਘ, ਭਾਈ ਸ਼ਮਸ਼ੇਰ ਸਿੰਘ,ਭਾਈ ਸਿਮਰਨਜੀਤ ਸਿੰਘ,ਭਾਈ ਅਵਤਾਰ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਵ.ਸ੍ਰੀ ਮਤੀ ਇੰਦਰਾ ਧਵਨ ਜੀ ਦੀ ਅੰਤਿਮ ਅਰਦਾਸ 26 ਜਨਵਰੀ ਨੂੰ ਹੋਵੇਗੀ:ਇੰਪਲਾਈਜ ਵੈਲ.ਫੇਅਰ ਐਸੋਸੀਏਸ਼ਨ

**ਚੌਕ ਮਹਿਤਾ, 23ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਵਲ ਹਸਪਤਾਲ ਅੰਮ੍ਰਿਤਸਰ ਦੇ ਸੀਨੀਅਰ ਮੈਡੀਕਲ ਅ਼ਫਸਰ ਡਾਕਟਰ ਸਵਰਨਜੀਤ ਧਵਨ ਦੇ ਸਤਿਕਾਰਯੋਗ ਮਾਤਾ ਸ੍ਰੀਮਤੀ ਇੰਦਰਾ ਧਵਨ ਜੋ ਕਿ 14 ਜਨਵਰੀ, 2025 ਨੂੰ ਸੰਸਾਰਿਕ ਯਾਤਰਾ ਪੂਰੀ ਕਰਕੇ ਪ੍ਰਭੂ ਚਰਨਾਂ ਵਿੱਚ ਲੀਨ ਹੋ ਗਏ ਸਨ। ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਆ਼ਫ ਪੰਜਾਬ ਦੇ ਚੇਅਰਮੈਨ ਪੰਡਿਤ ਰਾਕੇਸ਼ ਸ਼ਰਮਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰਸਮ ਪਗੜੀ, ਅਰਦਾਸ 26 ਜਨਵਰੀ, 2025 ਦਿਨ ਐਤਵਾਰ ਨੂੰ ਸਿ਼ਫਤੀ ਇੰਟਰਨੈਸ਼ਨਲ, ਕੋਰਟ ਰੋਡ, ਅੰਮ੍ਰਿਤਸਰ ਵਿਖੇ ਦੁਪਹਿਰ 01:00 ਤੋਂ 02:00 ਹੋਵੇਗੀ। ਇਸ ਮੌਕੇ ਤੇ ਸਟੇਟ ਪ੍ਰੈਜੀਡੈਂਟ ਅਚਾਰੀਆ ਗੁਰੂ ਮੀਤ, ਸੁਪਰਿਟੈਂਡੰਟ ਸਿਵਲ ਹਸਪਤਾਲ, ਅੰਮ੍ਰਿਤਸਰ ਨੇ ਮਹਾਭਾਰਤ ਅਤੇ ਗਰੁੜ ਪੁਰਾਣ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ, ਸਤਿਕਾਰਯੋਗ ਮਾਤਾ ਇੰਦਰਾ ਧਵਨ ਜੀ ਬਹੁਤ ਹੀ ਪਵਿੱਤਰ ਆਤਮਾ ਸਨ, ਉਨ੍ਹਾਂ ਅਧਿਆਤਮਿਕ ਪੱਖ ਰੱਖਦੇ ਹੋਏ ਕਿਹਾ ਕਿ, ਮੌਤ ਦੱਸ ਦਿੰਦੀ ਹੈ ਕਿ, ਜੀਵਨ ਕੈਸਾ ਰਿਹਾ ਸੀ। ਮਕਰ ਸੰਕ੍ਰਾਂਤਿ ਤੇ ਸੂਰਜ ਦੇਵਤਾ ਆਪਣੀ ਉੱਚ ਰਾਸ਼ੀ ਵੱਲ ਵੱਧਣਾ ਸ਼ੁਰੂ ਕਰਦੇ ਹਨ ਤੇ ਇਸ ਦਿਨ ਦਾ ਇੰਤਜ਼ਾਰ ਬਹੁਤ ਵੱਡੇ ਮਹਾਂਰਥੀ, ਮਹਾਂਪੁਰਖ ਵੀ ਕਰਦੇ ਹਨ। ਮਹਾਭਾਰਤ ਦੇ ਮੁੱਖ ਨਾਇਕ ਗੰਗਾ ਪੁੱਤਰ ਭੀਸ਼ਮ ਨੇ ਇਸ ਦਿਨ ਦੇ ਇੰਤਜ਼ਾਰ ਲਈ, ਜ਼ਖ਼ਮੀ ਹੁੰਦਿਆਂ ਹੋਇਆਂ ਵੀ, ਮਹੀਨਿਆਂ ਬੱਧੀ ਤੀਰਾਂ ਦੀ ਨੋਕ ਤੇ ਲੇਟੇ ਰਹੇ ਸਨ ਲੇਕਿਨ ਪ੍ਰਾਣ ਨਹੀਂ ਤਿਆਗੇ ਸਨ। ਮਕਰ ਸੰਕ੍ਰਾਂਤਿ ਹੋਣ ਤੇ ਹੀ ਉਨ੍ਹਾਂ ਨੇ ਆਪਣੇ ਪ੍ਰਾਣ ਤਿਆਗੇ ਸਨ। ਇਹ ਬਹੁਤ ਹੀ ਵੱਡਾ ਦਿਨ ਹੁੰਦਾ ਹੈ ਅਤੇ ਕਰਮਾਂ ਭਾਗਾਂ ਵਾਲਾ ਮਨੁੱਖ ਹੀ ਇਸ ਦਿਨ ਪਰਮ ਗਤਿ ਪਾਉਂਦਾ ਹੈ। ਉਨ੍ਹਾਂ ਈਸ਼ਵਰ ਅੱਗੇ ਮਾਤਾ ਇੰਦਰਾ ਧਵਨ ਜੀ ਦੀ ਆਤਮਿਕ ਸ਼ਾਂਤੀ ਅਤੇ ਧਵਨ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ।



ਆਵਾਜ਼ਿ ਕੌਮ AWAZE QAUM International Newspaper & WEB TV

# ਸੱਤਿਆ ਐਲੀਮੈਂਟਰੀ ਸਕੂਲ ਵਿੱਚ ਨੈਸ਼ਨਲ ਗਰਲ ਚਾਇਲਡ ਡੇ ਮਨਾਇਆ ਗਿਆ

**ਚੌਕ ਮਹਿਤਾ 24 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)** ਸੱਤਿਆ ਐਲੀਮੈਂਟਰੀ ਸਕੂਲ ਚੰਨਣਕੇ ਵਿੱਚ ਨੈਸ਼ਨਲ ਗਰਲ ਚਾਇਲਡ ਡੇ ਮਨਾਇਆ ਗਿਆ। ਜਿਸ ਵਿੱਚ ਦੱਸਿਆ ਗਿਆ ਕਿ ਸਾਨੂੰ ਵੱਧ ਤੋਂ ਵੱਧ ਬੇਟੀਆਂ ਦੀ ਪੜ੍ਹਾਈ ਕਰਾਉਣੀ ਚਾਹੀਦੀ ਹੈ। ਅੱਜ ਦੇ ਜੁੱਗ ਵਿੱਚ ਬੇਟੀਆ ਕਿਸੇ ਨਾਲੋਂ ਘੱਟ ਨਹੀਂ। ਬੇਟੀ ਤੋਂ ਹੀ ਘਰ ਚੱਲਦਾ ਹੈ। ਅੱਜ ਸਾਡੀਆਂ ਬੇਟੀਆ ਨੇ ਵੱਡੇ ਵੱਡੇ ਆਉਦਿਆ ਤੇ ਬਿਰਾਜਮਾਨ ਹਨ। ਜਿਨ੍ਹਾਂ ਨੇ ਦੇਸ ਦਾ ਨਾਮ ਰੋਸਨ ਕੀਤਾ ਹੈ। ਬੇਟੀ ਪੜਾਓ, ਬੇਟੀ ਬਚਾਓ ਦਾ ਨਾਹਰਾ ਲਾਇਆ ਗਿਆ। ਅਤੇ ਪਿੰਡ ਚੰਨਣਕੇ ਵਿੱਚ ਇੱਕ ਵਿਸੇਸ ਰੈਲੀ ਕੱਢੀ ਗਈ। ਇਸ ਮੌਕੇ ਤੇ ਸਕੂਲ ਦੀ ਮੁੱਖ ਅਧਿਆਪਕਾਂ ਸ੍ਰੀ ਮਤੀ ਨਵਨੀਤ ਕੌਰ ਤੋਂ ਇਲਾਵਾ ਮੈਡਮ ਗੁਰਮੀਤ ਕੌਰ, ਮੈਡਮ ਲਵਦੀਪ ਕੌਰ, ਮੈਡਮ ਸੰਦੀਪ ਕੌਰ, ਮੈਡਮ ਸੁਖਬੀਰ ਕੌਰ, ਮੈਡਮ ਸਹਿਜਦੀਪ ਕੌਰ, ਮੈਡਮ ਅਮਨਦੀਪ ਕੌਰ, ਮੈਡਮ ਪਰਦੀਪ ਕੌਰ, ਆਦਿ ਸਟਾਫ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਮਹਾਨ ਗੁਰਮਤਿ ਸਮਾਗਮ

## ਪਿਆਰੇ ਭਾਈ ਹਿੰਮਤ ਸਿੰਘ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਪਹਿਲੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਰਣਜੋਧ ਸਿੰਘ ਲੋਧੀ ਵੱਲੋਂ ਅਤੇ ਦੂਜੇ ਪਾਠ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਸੋਰੇਜੀਨਾ ਗੁਰ ਸਿੱਖ ਪ੍ਰਵਾਰਾਂ ਵੱਲੋਂ ਸੇਵਾਵਾਂ ਲਈਆਂ ਗਈਆਂ ਹਨ।

**ਸ਼ਨਿੱਚਰਵਾਰ 25 ਜਨਵਰੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।**

ਐਤਵਾਰ 26 ਜਨਵਰੀ 2025 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਗੁਰਦੁਆਰਾ ਸਾਹਿਬ ਜੀ ਦਾ ਹਜ਼ੂਰੀ ਜਥਾ ਰਾਗੀ ਭਾਈ ਦਿਲਪ੍ਰੀਤ ਸਿੰਘ ਦੇ ਸਾਥੀਆ ਸਮੇਤ ਕੀਰਤਨ ਅਤੇ ਕਥਾ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਸੰਤ ਬਾਬਾ ਗੁਰਬਖਸ਼ ਸਿੰਘ ਜੋਤੀਸਰ ਜੰਡਿਆਲਾ ਗੁਰੂ, ਸ਼ਿਮਲੇ ਵਾਲਿਆ ਯਾਦ ਵਿੱਚ

# 66 ਵਾਂ ਸਲਾਨਾ ਸਮਾਗਮ ਕਰਵਾਇਆ ਗਿਆ











**ਚੌਕ ਮਹਿਤਾ, 24 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਸਿਮਲੇ ਵਾਲਿਆਂ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਅਗਵਾਈ ਹੇਠ ਬ੍ਰਹਮ ਗਿ ਆਨੀ 108 ਸੰਤ ਬਾਬਾ ਅਤਰ ਸਿੰਘ ਜੀ ਤੋਂ ਵਰਸੋਏ , ਸ੍ਰੀ ਮਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਜੋਤੀਸਰ ਜੰਡਿਆਲਾ ਗੁਰੂ ਸਿਮਲੇ ਵਾਲਿਆਂ ਦੀ ਯਾਦ ਵਿੱਚ 66 ਵਾਂ ਸਲਾਨਾ ਸਮਾਗਮ ਦੇਸ ਵਿਦੇਸ਼। ਦੀ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਆਰੰਭ ਕੀਤੀ ਹੋਈ ਸ੍ਰੀ ਆਖੰਡ ਪਾਠ ਦੀ ਲੜੀ ਦੇ ਭੋਗ ਉਪਰੰਤ ਖੁੱਲੇ ਦੀਵਾਨ ਸਜਾਇਆ ਗਿਆ। ਇਸ ਮੌਕੇ ਤੇ ਗਿਆਨੀ ਹਰਪ੍ਰੀਤ ਸਿੰਘ ਪ੍ਰਚਾਰਕ ਗੁਰਦੁਆਰਾ ਸਰੋਮਣੀ ਪਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ, ਗਿਆਨੀ ਭਗਵੰਤ ਸਿੰਘ ਕਵੀਸਰੀ ਜਥਾ ਸੂਰਵਿੰਡ ਵਾਲੇ, ਕਥਾਵਾਚਕ ਗਿਆਨੀ ਫਤਹਿ ਸਿੰਘ ਡੇਅਰੀਵਾਲ ਵਾਲੇ, ਕਵੀਸਰੀ ਜਥਾ ਗਿਆਨੀ ਗੁਰਨਾਮ ਸਿੰਘ ਮੱਲੀਆਂ ਵਾਲੇ, ਕਵੀਸਰੀ ਜਥਾ ਗਿਆਨੀ ਗੁਰਜੰਟ ਸਿੰਘ ਬਾਲੀਏ ਵਾਲੇ ਆਦਿ ਹੋਰ ਵੀ ਨਾਮਵਰ ਜਥਿਆਂ ਨੇ ਗੁਰਮੁੱਤ ਵਿਚਾਰਾਂ ਦੀ ਸਾਂਝ ਪਾਈ। ਅਤੇ ਸੰਤ ਸਮਾਜ, ਨਿਹੰਗ ਸਿੰਘ, ਸਮਾਜ ਸੇਵੀ, ਰਾਜਨੀਤਕ, ਅਤੇ ਦੇਸਾ ਵਿਦੇਸ਼ਾ ਦੀਆਂ ਸੰਗਤਾਂ ਨੇ ਹਾਜਰੀਆ ਭਰੀਆ। ਸੰਤ ਬਾਬਾ ਸੁੱਖਾ ਸਿੰਘ ਜੀ ਨੇ ਆਇ ਹੋਏ ਸੰਤਾ ਮਹਾਪੁਰਸ਼ਾ ਨੂੰ ਸਿਰਪਾਉ ਦੇਕੇ ਸਨਮਾਨਿਤ ਕੀਤਾ।

ਦਲਜੀਤ ਸਿੰਘ ਚੀਮਾ ਜਥੇਦਾਰ ਅਕਾਲ ਤਖ਼ਤ ਨਾਲੋਂ ਵੱਡਾ ਤੇ ਜ਼ਿਆਦਾ ਸਿਆਣਾ ਹੈ ?- ਮਨਜੀਤ ਸਿੰਘ ਭੋਮਾ

# ਚੀਮਾ ਨੰਗੀਆਂ ਤਾਰਾਂ ਨੂੰ ਹੱਥ ਲਾਉਣ ਤੋਂ ਬਾਜ਼ ਆਵੇ









**ਨਵੀਂ ਦਿੱਲੀ, 24 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਕਿਹਾ ਕਿ ਬਾਦਲਾਂ ਦੇ ਕੜਛੇ ਦਲਜੀਤ ਸਿੰਘ ਚੀਮੇ ਦਾ ਇਹ ਬਿਆਨ ਕਿ ਜੇਕਰ ਬੀਬੀ ਸਤਵੰਤ ਕੋਰ ਕੌਰ ਅਕਾਲੀ ਦਲ ਵਿੱਚ ਸ਼ਾਮਲ ਹੋਣਾ ਚਾਹੁੰਦੀ ਹੈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਵਿਸ ਤੋਂ ਅਸਤੀਫਾ ਦੇ ਕੇ ਪਾਰਟੀ ਵਿੱਚ ਆਉਣ ਤਾਂ ਉਹਨਾਂ ਦਾ ਸਵਾਗਤ ਹੈ ਬੜਾ ਮੰਦਭਾਗਾ ਅਤੇ ਬੇਸ਼ਰਮੀ ਭਰਿਆ ਬਿਆਨ ਹੈ ।ਉਹਨਾਂ ਕਿਹਾ ਚੀਮਾ ਜਥੇਦਾਰ ਅਕਾਲ ਤਖ਼ਤ ਸਾਹਿਬ ਨਾਲੋਂ ਵੱਡਾ ਤੇ ਜ਼ਿਆਦਾ ਸਿਆਣਾ ਹੈ। ਉਹਨਾਂ ਕਿਹਾ ਬਾਦਲਾਂ ਨੇ ਪਹਿਲਾਂ 1979 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਨਿਰੰਕਾਰੀਆਂ ਤੇ ਰਾਧਾ ਸੁਆਮੀਆਂ ਦੀਆਂ ਵੋਟਾਂ ਲੈ ਕੇ ਭਾਈ ਅਮਰੀਕ ਸਿੰਘ ਨੂੰ ਹਰਾਇਆ ਸੀ । ਸਭ ਨੂੰ ਪਤਾ ਹੈ ਕਿ ਦਲਜੀਤ ਸਿੰਘ ਚੀਮਾ ਪਿਛਲੇ ਪਾਸਿਓਂ ਗੁਪਤ ਦਰਵਾਜ਼ੇ ਰਾਹੀਂ ਸਤਾ ਦੀਆਂ ਪੌੜੀਆਂ ਚੜ੍ਹਿਆਂ ਹੈ । ਇਹ ਵੀ ਪਤਾ ਹੈ ਕਿ ਬਾਦਲਾਂ ਨੂੰ ਚੀਮੇ ਨੇ ਪੰਥ ਵਿਰੋਧੀ ਲਾਈਨ ਦੇ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਗਵਾਇਆ ਹੈ। ਜਿਸਦਾ ਖਮਿਆਜ਼ਾ ਬਾਦਲਾਂ ਨੂੰ ਅੱਜ ਭੁਗਤਣਾ ਪੈ ਰਿਹਾ ਹੈ ।ਉਹਨਾਂ ਕਿਹਾ ਅੱਜ ਫ਼ਿਰ ਬਾਦਲਕਿਆਂ ਦੀ ਸ਼ਿਹ ਤੇ ਦਲਜੀਤ ਸਿੰਘ ਚੀਮਾ ਉਹਨਾਂ ਦੀ ਲਾਡਲੀ ਤੇ ਹੋਣਹਾਰ ਧੀ ਬੀਬੀ ਸਤਵੰਤ ਕੌਰ ਬਹੁਤ ਸਤਿਕਾਰਤ ਸ਼ਖਸੀਅਤ ,ਮਹਾਨ ਸ਼ਹੀਦ,ਕੌਮੀ ਪ੍ਰਵਾਨੇ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਹੈ ਨੂੰ ਮਿੱਠੀਆਂ ਮਿੱਠੀਆਂ ਧਮਕੀਆਂ ਦੇ ਰਿਹਾ ਹੈ ਜੋ 2006 ਤੋਂ ਸ਼੍ਰੋਮਣੀ ਕਮੇਟੀ ਦੇ ਐਜੂਕੇਸ਼ਨ ਵਿਭਾਗ ਵਿੱਚ ਸੇਵਾਵਾਂ ਨਿਭਾਅ ਰਹੀ ਹੈ ਇਹ ਸੇਵਾ ਦਲਜੀਤ ਸਿੰਘ ਚੀਮੇ ਵਰਗਿਆਂ ਦੀ ਬਦੌਲਤ ਨਹੀਂ ਬਲਕਿ ਪਰਿਵਾਰਕ ਕੁਰਬਾਨੀ ਅਤੇ ਉਸ ਦੀ ਯੋਗਤਾ ਅਨੁਸਾਰ ਮਿਲੀ ਹੈ ।ਜਿਸ ਨੂੰ ਉਹ ਬਾਖੂਬੀ ਨਿਭਾਂ ਰਹੇ ਹਨ ।ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ। ਸੱਤ ਮੈਂਬਰੀ ਕਮੇਟੀ ਵਿੱਚ ਸ਼ਾਮਲ ਹੋਣ ਲਈ ਉਸ ਨੇ ਕੋਈ ਦਰਖਾਸਤ ਨਹੀਂ ਦਿੱਤੀ ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਉਹਨਾਂ ਦੀ ਯੋਗਤਾ ਅਤੇ ਨਿਰਵਿਵਾਦ ਸ਼ਖ਼ਸੀਅਤ ਹੋਣ ਕਰਕੇ ਜਿੰਮੇਵਾਰੀ ਦਿੱਤੀ ਸੀ ਨਾਂ ਕਿ ਅਕਾਲੀ ਦਲ ਵਿੱਚ ਸ਼ਾਮਲ ਹੋਣ ਲਈ ਕਿਹਾ ਸੀ ਉਸ ਸਮੇਂ ਵੀ ਸਿੰਘ ਸਾਹਿਬਾਨ ਨੂੰ ਉਨ੍ਹਾਂ ਦੇ ਨੌਕਰੀ ਕਰਦੇ ਹੋਣ ਬਾਰੇ ਪਤਾ ਸੀ ।ਉਸੇ ਦਿਨ ਤੋਂ ਭੈਣ ਸਤਵੰਤ ਕੌਰ ਤੇ ਜਾਂ ਨੌਕਰੀ ਛੱਡਣ ਜਾਂ ਸੱਤ ਮੈਂਬਰੀ ਕਮੇਟੀ ਤੋਂ ਅਸਤੀਫਾ ਦੇਣ ਲਈ ਦਬਾਅ ਪਾਇਆ ਜਾ ਰਿਹਾ ਹੈ ਜੋ ਬਰਦਾਸ਼ਤ ਤੋਂ ਬਾਹਰ ਹੈ ।ਜਦ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਮੰਨਿਆ ਹੀ ਨਹੀਂ ਅਤੇ ਉਸ ਸੱਤ ਮੈਂਬਰੀ ਕਮੇਟੀ ਦਾ ਬੰਦ ਬੰਦ ਕੱਟ ਕੇ ਖਿਲਾਰਿਆ ਜਾ ਰਿਹਾ ਹੈ। ਜਿਸ ਸਿਧਾਂਤਹੀਣ ਫ਼ੈਸਲੇ ਨੂੰ ਮੰਨਣ ਤੋਂ ਸਾਰੇ ਹੀ ਸੱਤ ਮੈਂਬਰੀ ਕਮੇਟੀ ਦੇ ਮੈਂਬਰਾਂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਇਹ ਕਮੇਟੀ ਅਜੇ ਆਪਣਾਂ ਕੰਮ ਹੀ ਸ਼ੁਰੂ ਨਹੀਂ ਕਰ ਸਕੀ ਤਾਂ ਚੀਮੇ ਵੱਲੋਂ ਸ਼ਰਤਾਂ ਲਗਾਉਣ ਵਾਲੀ ਗੱਲ ਸਮਝ ਵਿੱਚ ਨਹੀਂ ਆ ਰਹੀ ।ਸੱਤ ਮੈਂਬਰੀ ਕਮੇਟੀ ਦੇ ਮੈਂਬਰ ਗੁਰਪ੍ਰਤਾਪ ਸਿੰਘ ਵਡਾਲਾ ਬਾਰੇ ਪਹਿਲਾਂ ਕਹਿਣਾ ਕਿ ਇਹ ਪਾਰਟੀ ਦਾ ਹਿੱਸਾ ਨਹੀਂ ਪਾਰਟੀ ਚੋਂ ਕੱਢੇ ਹਨ ।ਜੇ ਜ਼ਿੰਮੇਵਾਰੀ ਲੈਣੀ ਹੈ ਤਾਂ ਅਨੁਸ਼ਾਸਨੀ ਕਮੇਟੀ ਰਾਂਹੀ ਅਪੀਲ ਕਰਨ ,ਹੁਣ ਉਹਨਾਂ ਨੂੰ ਫਰੀਦਕੋਟ ਦਾ ਅਬਜਰਵਰ ਲਾਉਣ ਲੱਗਿਆ ਕਿਹੜੇ ਨਿਯਮਾਂ ਤਹਿਤ ਫੈਸਲਾ ਕੀਤਾ ਹੈ ।ਜਿਥੋਂ ਤੱਕ ਸਤਿਕਾਰਯੋਗ ਬੀਬੀ ਸਤਵੰਤ ਕੌਰ ਦਾ ਮਾਮਲਾ ਹੈ ਸ਼ਹੀਦ ਪਰਿਵਾਰ ਪੂਰੀ ਕੌਮ ਦੀ ਅਮਾਨਤ ਹਨ ਨਾਂਕਿ ਕਿਸੇ ਇੱਕ ਸਿਆਸੀ ਪਾਰਟੀ ਦੇ ਮੁਥਾਜ ਹਨ ।ਦਲਜੀਤ ਸਿੰਘ ਚੀਮੇ ਦਾ ਇਹ ਕਹਿਣਾ ਕਿ ਉਹ ਤਨਖਾਹ ਦਾਰ ਮੁਲਾਜ਼ਮ ਹਨ ।ਕੀ ਹਰਗੋਬਿੰਦ ਕੌਰ ਪ੍ਰਧਾਨ ਇਸਤਰੀ ਅਕਾਲੀ ਦਲ ਸਰਕਾਰ ਦੇ ਤਨਖਾਹ ਦਾਰ ਮੁਲਾਜ਼ਮ ਨਹੀਂ ਹਨ ? ਜਦ ਪੰਜਾਬ ਸਰਕਾਰ ਨੇ ਮੁਲਾਜ਼ਮ ਹੁੰਦਿਆਂ ਸਿਆਸੀ ਅਹੁਦਾ ਲੈਣ ਬਾਰੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਤਾਂ ਅਕਾਲੀ ਦਲ ਨੋਟਿਸ ਦਾ ਵਿਰੋਧ ਕਰਨ ਲਈ ਪੱਬਾਂ ਭਾਰ ਹੋਇਆ ਫਿਰਦਾ ਸੀ ਤੇ ਅੱਜ ਦੋਗਲੀ ਨੀਤੀ ਤੇ ਚੱਲ ਰਿਹਾ ਹੈ ।ਕੀ ਚੀਮੇ ਦਾ ਚਹੇਤਾ ਸੰਦੀਪ ਕਲੌਤਾ ਮੀਤ ਮੈਨੇਜਰ ਅਨੰਦਪੁਰ ਸਾਹਿਬ ਯੂਥ ਅਕਾਲੀ ਦਲ ਦਾ ਅਹੁਦੇਦਾਰ ਨਹੀਂ ਇਸ ਤਰ੍ਹਾਂ ਦੀ ਬੜੀ ਲੰਮੀ ਲਿਸਟ ਹੈ ਜੋ ਲੜੀਵਾਰ ਪ੍ਰਕਾਸ਼ਿਤ ਕੀਤੀ ਜਾਵੇਗੀ,ਕੀ ਇਹਨਾਂ ਤੇ ਚੀਮੇ ਦਾ ਨਿਯਮ ਲਾਗੂ ਨਹੀਂ ਹੁੰਦਾ ।ਅਸੀਂ ਤਾੜਨਾ ਕਰਦੇ ਹਾਂ ਕਿ ਦਲਜੀਤ ਸਿੰਘ ਚੀਮੇ ਵਰਗੇ ਲੋਕ ਲੂੰਬੜ ਚਾਲਾਂ ਤੋਂ ਬਾਜ ਆਉਣ ਅਤੇ ਕੀਤੇ ਗੁਨਾਹਾਂ ਦੇ ਮੱਦੇਨਜ਼ਰ ਮੁਆਫ਼ੀ ਮੰਗ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋ ਦੋ ਦਸੰਬਰ ਦੇ ਹੁਕਮਨਾਮੇ ਨੂੰ ਮੰਨ ਕੇ ਨੈਤਿਕਤਾ ਦਿਖਾਉਣ ਬਿਨਾਂ ਵਜ੍ਹਾ ਪੰਥਕ ਪਰਿਵਾਰਾਂ ਭਾਈ ਅਮਰੀਕ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਪ੍ਰਵਾਰ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਚੀਮੇ ਨੂੰ ਨੰਗੀਆਂ ਤਾਰਾਂ ਨੂੰ ਹੱਥ ਲਾਉਣ ਤੋਂ ਬਾਜ਼ ਆਉਣਾ ਚਾਹੀਦਾ ਹੈ। ਉਹਨਾਂ ਜੇਕਰ ਚੀਮਾ ਵਰਗੇ ਬਾਜ਼ ਨਾ ਆਏ ਤਾਂ ਪੰਥਕ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ।

# ਸ਼੍ਰੋਮਣੀ ਕਮੇਟੀ ਵੱਲੋਂ ਮੁੰਬਈ 'ਚ ਚਾਰ ਸਾਹਿਬਜ਼ਾਦੇ ਐੱਮਆਰਆਈ ਤੇ ਸੀਟੀ ਸਕੈਨ ਕੇਂਦਰ ਸ਼ੁਰੂ

## ਆਰਥਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ 10 ਰੁਪਏ 'ਚ ਦਿੱਤੀ ਜਾਵੇਗੀ ਐੱਮਆਰਆਈ ਤੇ ਸੀਟੀ ਸਕੈਨ ਦੀ ਸਹੂਲਤ- ਐਡਵੋਕੇਟ ਧਾਮੀ



**ਨਵੀਂ ਦਿੱਲੀ, 24 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਮੁੰਬਈ ਵਿਖੇ ਚੱਲ ਰਹੇ ਗੁਰੂ ਨਾਨਕ ਖ਼ਾਲਸਾ ਕਾਲਜ ਮਾਟੂੰਗਾ ਵਿੱਚ ਅੱਜ ਚਾਰ ਸਾਹਿਬਜ਼ਾਦੇ ਐੱਮਆਰਆਈ ਤੇ ਸੀਟੀ ਸਕੈਨ ਸੈਂਟਰ ਦਾ ਉਦਘਾਟਨ ਕੀਤਾ ਗਿਆ ਹੈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਸ. ਗੁਰਿੰਦਰ ਸਿੰਘ ਬਾਵਾ, ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ, ਸ਼੍ਰੋਮਣੀ ਕਮੇਟੀ ਦੇ ਓਐੱਸਡੀ ਸ. ਸਤਬੀਰ ਸਿੰਘ ਧਾਮੀ, ਸ. ਜਸਬੀਰ ਸਿੰਘ ਧਾਮ ਸਮੇਤ ਹੋਰ ਸ਼ਖ਼ਸੀਅਤਾਂ ਮੌਜੂਦ ਸਨ। ਇਸ ਸਬੰਧੀ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਲੋਕ ਭਲਾਈ ਦੇ ਕਾਰਜਾਂ ਵਿੱਚ ਵੱਡੀਆਂ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਹੀ ਅੱਜ ਮੁੰਬਈ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਐੱਮਆਰਆਈ ਤੇ ਸੀਟੀ ਸਕੈਨ ਸੈਂਟਰ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆਂ ਕਿ ਇਸ ਸੈਂਟਰ ਵਿਖੇ ਆਰਥਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਕੇਵਲ 10 ਰੁਪਏ ਵਿੱਚ ਐੱਮਆਰਆਈ, ਸੀਟੀ ਸਕੈਨ, ਐਕਸਰੇ ਆਦਿ ਟੈਸਟਾਂ ਦੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਗੁਰੂ ਨਾਨਕ ਮਿਸ਼ਨ 1313 ਨਾਮ ਉੱਤੇ ਚਲਾਈ ਜਾਣ ਵਾਲੀ ਫਾਰਮੇਸੀ ਤੋਂ ਮਾਰਕੀਟ ਰੇਟ ਨਾਲੋਂ 25% ਘੱਟ ਰੇਟ ਉੱਤੇ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਮੈਡੀਕਲ ਖ਼ੂਨ ਦੀ ਜਾਂਚ ਦੇ ਟੈਸਟ ਵੀ 50% ਸਸਤੀਆਂ ਦਰਾਂ ਉੱਤੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਸੇਵਾਵਾਂ ਆਮ ਲੋਕਾਂ ਲਈ ਵੀ ਬਹੁਤ ਸਸਤੀਆਂ ਦਰਾਂ ਉੱਤੇ ਦਿੱਤੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਐਲਾਨ ਕੀਤਾ ਕਿ ਮੁੰਬਈ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਦੇ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘਾਂ ਅਤੇ ਹੋਰ ਮੁਲਾਜ਼ਮਾਂ ਨੂੰ ਵੀ ਇਹ ਸਹੂਲਤਾਂ ਕੇਵਲ 10 ਰੁਪਏ ਵਿੱਚ ਹੀ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਜਾਂ ਵਿੱਚ ਮਹਾਂਰਾਸ਼ਟਰ ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਗੁਰਿੰਦਰ ਸਿੰਘ ਬਾਵਾ ਵੱਲੋਂ ਵਿਸ਼ੇਸ਼ ਤੇ ਸ਼ਲਾਘਾਯੋਗ ਯਤਨ ਕੀਤੇ ਗਏ ਹਨ, ਜਿਸ ਨਾਲ ਸਿੱਖ ਸੰਸਥਾ ਦਾ ਮਾਨ ਹੋਰ ਵਧੇਗਾ। ਇਸ ਮੌਕੇ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਡਾਇਰੈਕਟਰ ਐਡਮਿਨ ਡਾ. ਜਸਬੀਰ ਕੌਰ ਮੱਕੜ, ਸ. ਹਰਮੀਤ ਸਿੰਘ ਸਲੂਜਾ ਆਦਿ ਮੌਜੂਦ ਸਨ।

# ਗੁਰੂ ਨਾਨਕ ਪਬਲਿਕ ਸਕੂਲ ਰਾਜੋਰੀ ਗਾਰਡਨ ਵਿੱਚ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ




**ਨਵੀਂ ਦਿੱਲੀ 24 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਗੁਰੂ ਨਾਨਕ ਪਬਲਿਕ ਸਕੂਲ ਰਾਜੋਰੀ ਗਾਰਡਨ, ਨਵੀਂ ਦਿੱਲੀ ਵਿੱਚ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਸਮੂਹ ਗੀਤ, ਦੇਸ਼ ਭਗਤੀ ਦੇ ਗੀਤ ਅਤੇ ਕਵਿਤਾਵਾਂ ਰਾਹੀਂ 26 ਜਨਵਰੀ ਦੀ ਮਹੱਤਤਾ ਬਾਰੇ ਦੱਸਿਆ। ਦੇਸ਼ ਲਈ ਕੁਰਬਾਨੀਆਂ ਦੇਣ ਵਾਲੇ ਆਜ਼ਾਦੀ ਘੁਲਾਟੀਆਂ ਅਤੇ ਸਰਹੱਦਾਂ ਦੀ ਰਾਖੀ ਕਰਨ ਵਾਲੇ ਸੈਨਿਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਇੱਕ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਤੇ ਨਾਲ ਹੀ ਸਿੱਖ ਮਾਰਸ਼ਲ ਆਰਟਸ ਗੱਤਕੇ ਦਾ ਵੀ ਸਕੂਲੀ ਬੱਚਿਆਂ ਨੇ ਪ੍ਰਦਰਸ਼ਨ ਕੀਤਾ। ਇਸ ਪ੍ਰੋਗਰਾਮ ਦੀ ਖਾਸ ਵਿਸ਼ੇਸ਼ਤਾ ਇਹ ਸੀ ਕਿ ਪੂਰਾ ਪ੍ਰੋਗਰਾਮ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ, ਡਾ: ਮਨਮੋਹਨ ਸਿੰਘ ਨੂੰ ਸਮਰਪਿਤ ਕੀਤਾ ਗਿਆ ਸੀ ।ਸਕੂਲੀ ਬੱਚਿਆਂ ਨੇ ਉਨ੍ਹਾਂ ਦੇ ਜਨਮ ਤੋਂ ਲੈ ਕੇ ਇੱਕ ਅਧਿਆਪਕ, ਪ੍ਰੋਫੈਸਰ, ਅਰਥਸ਼ਾਸ਼ਤਰੀ, ਰਿਜਰਵ ਬੈਂਕ ਦੇ ਰਾਜਪਾਲ, ਵਿੱਤ ਮੰਤਰੀ ਅਤੇ ਪ੍ਰਧਾਨਮੰਤਰੀ ਦੇ ਸਫ਼ਰ ਦਾ ਦਸਤਾਵੇਜ਼ਾਂ ਨੂੰ ਇੱਕ ਦਸਤਾਵੇਜ਼ੀ ਦੇ ਰੂਪ ਵਿੱਚ ਪੇਸ਼ ਕੀਤਾ ।ਸਕੂਲ ਦੇ ਪ੍ਰਧਾਨ ਸਰਦਾਰ ਹਰਮਨਜੀਤ ਸਿੰਘ, ਚੇਅਰਮੈਨ ਬਲਦੀਪ ਸਿੰਘ ਰਾਜਾ, ਮੈਨੇਜਰ ਜਗਜੀਤ ਸਿੰਘ ਨੇ ਗਣਤੰਤਰ ਦਿਵਸ ਤੇ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਆਏ ਹੋਏ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ । ਮੈਨੇਜਰ ਸਰਦਾਰ ਜਗਜੀਤ ਸਿੰਘ ਨੇ ਕਿਹਾ ਕਿ ਜਿਮਨਾਸਟਿਕ ਖੇਡ ਲਈ ਸਕੂਲ ਦੀ ਇਕ ਲੜਕੀ ਨੂੰ ਰਾਸ਼ਟਰੀ ਪੱਧਰ 'ਤੇ ਚੁਣਿਆ ਗਿਆ ਹੈ, ਇਹ ਪੂਰੇ ਸਕੂਲ ਲਈ ਮਾਣ ਦੀ ਗੱਲ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬੀਬੀ ਸਤਵੰਤ ਕੌਰ ਖ਼ਿਲਾਫ਼ ਬਿਆਨਬਾਜ਼ੀ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਚੁਣੌਤੀ ਦੇ ਰਿਹਾ ਬਾਦਲ ਦਲ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ

# ਡਾ. ਦਲਜੀਤ ਸਿੰਘ ਚੀਮਾ ਖ਼ਿਲਾਫ਼ ਕਾਰਵਾਈ ਕਰਨ ਜਥੇਦਾਰ ਰਘਬੀਰ ਸਿੰਘ : ਭਾਈ ਗੋਪਾਲਾ, ਰਣਜੀਤ ਸਿੰਘ

**ਅੰਮ੍ਰਿਤਸਰ, 24 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਬਾਦਲ ਵੱਲੋਂ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਨੇ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਅਤੇ ਮੌਜੂਦਾ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬਾਦਲ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਹੁਣ ਦੁਬਾਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ, ਇਹ ਤਖ਼ਤ ਸਾਹਿਬ ਦੀ ਹੇਠੀ ਕਰਨ ਤੋਂ ਬਾਜ ਨਹੀਂ ਆ ਰਹੇ ਤੇ ਗ਼ਲਤੀ ਉੱਤੇ ਗ਼ਲਤੀ ਕਰੀ ਜਾ ਰਹੇ ਹਨ। ਇਸ ਤੋਂ ਪਹਿਲਾਂ ਵੀ ਮਹੇਸ਼ਿੰਦਰ ਸਿੰਘ ਗਰੇਵਾਲ ਬੀਬੀ ਸਤਵੰਤ ਕੌਰ ਵਿਰੁੱਧ ਬੋਲ ਚੁੱਕਾ ਹੈ।



ਫੈਡਰੇਸ਼ਨ ਆਗੂਆਂ ਨੇ ਕਿਹਾ ਕਿ 2 ਦਸੰਬਰ 2024 ਨੂੰ ਜਥੇਦਾਰ ਸਾਹਿਬਾਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦਲ ਦੀ ਭਰਤੀ ਲਈ ਗਠਿਤ ਕੀਤੀ ਸੱਤ ਮੈਂਬਰੀ ਕਮੇਟੀ ਵਿੱਚ ਬੀਬੀ ਸਤਵੰਤ ਕੌਰ ਦਾ ਨਾਮ ਸ਼ਾਮਲ ਕੀਤਾ ਸੀ। ਬਾਦਲ ਦਲ ਇਸ ਗੱਲ ਤੋਂ ਭਲੀਭਾਂਤ ਜਾਣੂੰ ਹੋਣਾ ਚਾਹੀਦਾ ਹੈ ਕਿ ਅਕਾਲੀ ਦਲ ਦੀ ਅਗਵਾਈ ਕਰਨ ਦਾ ਫੈਸਲਾ ਬੀਬੀ ਸਤਵੰਤ ਕੌਰ ਦਾ ਨਿੱਜੀ ਨਹੀਂ, ਬਲਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੌਂਪੀ ਹੋਈ ਜ਼ਿੰਮੇਵਾਰੀ ਹੈ ਤਾਂ ਜੋ ਕੁਰਬਾਨੀਆਂ ਅਤੇ ਸ਼ਹਾਦਤਾਂ ਨਾਲ ਹੋਂਦ ਵਿੱਚ ਆਏ ਅਕਾਲੀ ਦਲ ਦੀ ਹੋਂਦ ਨੂੰ ਬਚਾਇਆ ਜਾ ਸਕੇ, ਇਸ ਵਿੱਚੋਂ ਅਯੋਗ ਲੀਡਰਸ਼ਿਪ ਨੂੰ ਹਟਾ ਕੇ ਕੁਰਬਾਨੀ ਵਾਲੇ ਅਤੇ ਇਮਾਨਦਾਰ ਤੇ ਪੰਥਪ੍ਰਸਤ ਸ਼ਖ਼ਸੀਅਤਾਂ ਨੂੰ ਅੱਗੇ ਲਿਆ ਕੇ ਅਕਾਲੀ ਦਲ ਵਿੱਚ ਲੋਕਾਂ ਦੇ ਭਰੋਸਗੀ ਪੈਦਾ ਕੀਤੀ ਜਾ ਸਕੇ। ਦੋਵਾਂ ਆਗੂਆਂ ਨੇ ਕਿਹਾ ਕਿ ਬਾਦਲ ਦਲ ਖ਼ੁਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲਿਆਂ ਨੂੰ ਨਹੀਂ ਮੰਨ ਰਿਹਾ ਤੇ ਉਲਟਾ ਹਰ ਢੰਗ ਵਰਤ ਕੇ ਜਥੇਦਾਰਾਂ ਉੱਤੇ ਦਬਾਅ ਬਣਾਉਣ ਦੀਆਂ ਚਾਲਾਂ ਚੱਲ ਰਿਹਾ ਹੈ ਤੇ ਸੱਤ ਮੈਂਬਰੀ ਕਮੇਟੀ ਨੂੰ ਮੰਨਣ ਤੋਂ ਪੂਰੀ ਤਰ੍ਹਾਂ ਇਨਕਾਰੀ ਹੈ। ਉਹਨਾਂ ਕਿਹਾ ਕਿ ਬੀਬੀ ਸਤਵੰਤ ਕੌਰ ਨੂੰ ਸ਼੍ਰੋਮਣੀ ਕਮੇਟੀ ਤੋਂ ਅਸਤੀਫ਼ਾ ਦੇਣ ਦੀਆਂ ਗੱਲਾਂ ਕਰਨ ਵਾਲੇ ਪਹਿਲਾਂ ਖ਼ੁਦ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਮਨਜੂਰ ਕਰਨ ਨੂੰ ਤਿਆਰ ਨਹੀਂ ਸਨ।

ਫੈਡਰੇਸ਼ਨ ਆਗੂਆਂ ਨੇ ਡਾਕਟਰ ਦਲਜੀਤ ਸਿੰਘ ਚੀਮਾ ਨੂੰ ਜਵਾਬ ਦਿੰਦਿਆਂ ਸਵਾਲ ਕੀਤਾ ਕਿ ਜੇਕਰ ਸ਼੍ਰੋਮਣੀ ਕਮੇਟੀ ਦਾ ਅਧਿਕਾਰੀ ਅਕਾਲੀ ਦਲ ਦਾ ਆਗੂ ਨਹੀਂ ਬਣ ਸਕਦਾ ਤਾਂ ਸ਼੍ਰੋਮਣੀ ਕਮੇਟੀ ਦੇ ਹੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਬਾਦਲ ਦਲ ਦੀਆਂ ਰੈਲੀਆਂ, ਮੀਟਿੰਗਾਂ ਤੇ ਹੋਰ ਪ੍ਰੋਗਰਾਮਾਂ 'ਚ ਕਿਉਂ ਜਾਂਦੇ ਹਨ ? ਸ਼੍ਰੋਮਣੀ ਕਮੇਟੀ ਦੇ ਕੰਮਾਂ ਵਿੱਚ ਦਖਲਅੰਦਾਜੀ ਕਿਉਂ ਕਰਦੇ ਹਨ ? ਬਾਦਲ ਦਲ ਸ਼੍ਰੋਮਣੀ ਕਮੇਟੀ ਤੇ ਗੁਰਧਾਮਾਂ ਤੋਂ ਆਪਣਾ ਕਬਜ਼ਾ ਛੱਡੇ ? ਤੁਸੀਂ ਸ਼੍ਰੋਮਣੀ ਕਮੇਟੀ ਦੇ ਦਫਤਰਾਂ ਵਿੱਚ ਮੀਟਿੰਗਾਂ ਕਿਉਂ ਕਰਦੇ ਹੋ, ਰੈਲੀਆਂ ਚ ਲੰਗਰ ਕਿਉਂ ਮੰਗਵਾਉਂਦੇ ਹੋ ? ਸਿਰਸੇ ਵਾਲੇ ਦੀ ਮਾਫੀ ਸਹੀ ਠਹਿਰਾਉਣ ਲਈ 95 ਲੱਖ ਰੁਪਏ ਦੇ ਇਸ਼ਤਿਹਾਰ ਸ਼੍ਰੋਮਣੀ ਕਮੇਟੀ ਤੋਂ ਕਿਉਂ ਦਿਵਾਏ ? ਬਾਦਲ ਦਲ ਦੀ ਮਜ਼ਬੂਤੀ ਲਈ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨਾਲ ਪਿਛਲੇ ਦਿਨੀਂ ਮੀਟਿੰਗਾਂ ਕਿਉਂ ਕੀਤੀਆਂ ? ਉਹਨਾਂ ਇਹ ਵੀ ਕਿਹਾ ਕਿ ਡਾ. ਦਲਜੀਤ ਸਿੰਘ ਚੀਮਾ ਜਾਂ ਸੁਖਬੀਰ ਸਿੰਘ ਬਾਦਲ ਕੌਣ ਹੁੰਦਾ ਹੈ ਬੀਬੀ ਸਤਵੰਤ ਕੌਰ ਨੂੰ ਅਕਾਲੀ ਦਲ ਵਿੱਚ ਸ਼ਾਮਲ ਕਰਵਾਉਣ ਜਾਂ ਸਵਾਗਤ ਕਰਨ ਦੀਆਂ ਗੱਲਾਂ ਕਹਿਣ ਵਾਲਾ। ਜਦਕਿ ਸ਼੍ਰੋਮਣੀ ਅਕਾਲੀ ਦਲ ਖ਼ਾਲਸਾ ਪੰਥ ਦੀ ਜਥੇਬੰਦੀ ਹੈ, ਇਹ ਬਾਦਲਾਂ ਦੀ ਨਿੱਜੀ ਜਗੀਰ ਨਹੀਂ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫੈਸਲਾ ਸਰਵਉੱਚ ਹੈ ਜਿਸ ਵਿੱਚ ਅਕਾਲੀ ਦਲ ਦੀ ਅਗਵਾਈ ਲਈ ਬੀਬੀ ਸਤਵੰਤ ਕੌਰ ਦਾ ਨਾਮ ਦਰਜ ਹੈ। ਫੈਡਰੇਸ਼ਨ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਦੇ ਖਿਲਾਫ ਬਿਆਨਬਾਜ਼ੀ ਕਰਨ ਵਾਲੇ ਬਾਦਲ ਦੇ ਆਗੂਆਂ ਨੂੰ ਕਰੜੇ ਹੱਥੀਂ ਲੈਣ ਤੇ ਇਹਨਾਂ ਨੂੰ ਤੁਰੰਤ ਤਲਬ ਕਰਨ। ਉਹਨਾਂ ਇਹ ਵੀ ਕਿਹਾ ਕਿ ਜੇਕਰ ਬਾਦਲ ਦਲ ਦੇ ਆਗੂ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ ਨਾ ਆਏ ਤਾਂ ਖ਼ਾਲਸਾ ਪੰਥ ਇਹਨਾਂ ਖਿਲਾਫ਼ ਸੰਘਰਸ਼ ਵਿੱਢੇਗਾ।

### ਸਿੱਖ ਜਥੇਬੰਦੀਆਂ 26 ਜਨਵਰੀ ਨੂੰ

# ਕਾਲੀਆਂ ਝੰਡੀਆਂ ਨਾਲ ਕਰਨਗੇ ਰੋਹ ਮੁਜ਼ਾਹਰਾ : ਲਖਵੀਰ ਸਿੰਘ




**ਫਿ ?ਰੋਜ਼ਪੁਰ, 24 ਜਨਵਰੀ (ਮਨੋਹਰ ਲਾਲ)** :— ਲੰਬੇ ਅਰਸੇ ਤੋਂ ਜੇਲ੍ਹਾਂ ਵਿਚ ਡੱਕੇ ਸਿੱਖਾਂ ਅਤੇ ਆਪਣੇ ਹੱਕਾਂ ਦੀ ਵਕਾਲਤ ਕਰਦੇ ਆ ਰਹੇ ਕਿਸਾਨਾਂ ਨੂੰ ਇਨਸਾਫ ਨਾ ਮਿਲਣ ਦੀ ਸੂਰਤ ਵਿਚ ਸਿੱਖ ਜਥੇਬੰਦੀਆਂ 26 ਜਨਵਰੀ ਨੂੰ ਮਨਾਉਣਗੀਆਂ ਰੋਸ ਦਿਹਾੜਾ। ਇਹ ਵਿਚਾਰ ਸਾਂਝੇ ਕਰਦਿਆਂ ਲਖਵੀਰ ਸਿੰਘ ਸਰਪ੍ਰਸਤ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਨੇ ਦੱਸਿਆ ਕਿ 26 ਜਨਵਰੀ ਨੂੰ ਦੇਸ਼ ਦਾ ਸੰਵਿਧਾਨ ਬਣਿਆ ਸੀ, ਇਸ ਵਿਚ ਸਿੱਖ ਕੌਮ ਨੇ 93 ਪ੍ਰਤੀਸ਼ਤ ਕੁਰਬਾਨੀ ਦੇਣ ਵਾਲੀ ਕੌਮ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਸਿੱਖ ਕੌਮ ਦੇ ਨੌਜਵਾਨ ਜਿਹੜੇ ਜੇਲ੍ਹਾਂ ਵਿਚ ਬੰਦ ਕੀਤੇ ਹੋਏ ਹਨ, ਜ਼ੋ ਕਾਨੂੰਨ ਦੇ ਮੁਤਾਬਿਕ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਹਨ, ਜਿਨ੍ਹਾਂ ਵੱਲੋਂ ਸਾਲ 1984 ਵਿਚ ਦਿੱਲੀ ਦੀਆਂ ਅਤੇ ਹੋਰ ਭਾਰਤ ਦੇ ਵੱਖ—ਵੱਖ ਰਾਜਾਂ ਵਿਚ ਬੇਕਸੂਰ ਸਿੰਘ—ਸਿੰਘਣੀਆਂ ਨੂੰ ਸ਼ਹੀਦ ਕੀਤਾ ਗਿਆ ਸੀ ਅਤੇ ਦੂਸਰੇ ਪਾਸੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਝੂਠੇ ਕੇਸ ਪਾ ਕੇ ਪਿਛਲੇ 2 ਸਾਲਾਂ ਤੋਂ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੂਰੇ ਭਾਰਤ ਦੇ ਕਿਸਾਨ ਜ਼ੋ ਆਪਣੇ ਹੱਕਾਂ ਲਈ ਦਿੱਲੀ ਦੀਆਂ ਸੜਕਾਂ ਉਪਰ ਰਾਤਾਂ ਗੁਜਾਰਨ ਲਈ ਮਜ਼ਬੂਰ ਹੋਏ ਬੈਠੇ ਹਨ ਅਤੇ ਨਾ ਹੀ ਅੱਜ ਤੱਕ ਭਾਰਤ ਸਰਕਾਰ ਨੇ ਅਤੇ ਨਾ ਹੀ ਪੰਜਾਬ ਸਰਕਾਰ ਨੇ ਉਨ੍ਹਾਂ ਦੀਆਂ ਜਾਇਜ ਮੰਗਾਂ ਮੰਨੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸਭ ਦੇ ਚਲਦਿਆਂ 26 ਜਨਵਰੀ ਨੂੰ ਸਮੂਹ ਸਿੱਖ ਜਥੇਬੰਦੀਆਂ ਅਤੇ ਕਿਸਾਨ ਜਥੇਬੰਦੀਆਂ ਕਾਲਾ ਦਿਨ ਮਨਾਉਣਗੀਆਂ ਅਤੇ ਰੋਹ ਵਜੋਂ ਸ਼ਹੀਦ ਊਧਮ ਸਿੰਘ ਚੌਂਕ ਫਿ ?ਰੋਜ਼ਪੁਰ ਸ਼ਹਿਰ ਵਿਖੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਸਮੂਹ ਜਥੇਬੰਦੀਆਂ ਸਾਰੇ ਸਮਾਜ ਨੂੰ ਅਪੀਲ ਕਰਦੇ ਹਾਂ ਕਿ 26 ਜਨਵਰੀ ਨੂੰ ਸਵੇਰੇ 10 ਵਜੇ ਮਾਲਵਾ ਚੌਂਕ ਵਿਚ ਸਿਰਾਂ ਤੇ ਕਾਲੀਆਂ ਪੱਟੀਆਂ ਬੰਨ ਕੇ ਅਤੇ ਹੱਥਾਂ ਵਿਚ ਕਾਲੇ ਝੰਡੇ ਫੜ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਇਸ ਰੋਸ ਦੌਰਾਨ ਅਸੀਂ ਸੜਕਾਂ ਦੀਆਂ ਸਾਈਡਾਂ ਪਰ ਖੜਾਂਗੇ ਤਾਂ ਜ਼ੋ ਆਉਣ—ਜਾਣ ਵਾਲੀ ਜਨਤਾ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਰਪੇਸ਼ ਨਾ ਆਵੇ। ਇਸ ਮੌਕੇ ਭਾਈ ਲਖਵੀਰ ਸਿੰਘ ਮਹਾਲਮ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਅਤੇ ਭਾਈ ਜ਼ਸਪਾਲ ਸਿੰਘ ਮਹਿਤਾ ਅਤੇ ਭਾਈ ਬਲਕਾਰ ਸਿੰਘ ਇਲਮੇਵਾਲਾ, ਸੰਤੋਖ ਸਿੰਘ ਬੱਗੇ ਕੇ, ਪਿੱਪਲ, ਕੁਲਦੀਪ ਸਿੰਘ ਨੰਢਾ ਅਤੇ ਹੋਰ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਇਸ ਰੋਸ ਧਰਨੇ ਨੂੰ ਕਾਮਯਾਬ ਕੀਤਾ ਜਾਵੇਗਾ।

## ਦਮਦਮੀ ਟਕਸਾਲ ਮਹਿਤਾ ਦਾ ਵਿਦਿਆ ਦਾ ਚਾਨਣ ਮੁਨਾਰਾ
## ਸੰਤ ਕਰਤਾਰ ਸਿੰਘ ਮੈਮੋਰੀਅਲ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ





ਫਿਰੋਜ਼ਪੁਰ, 24 ਜਨਵਰੀ (ਮਨੋਹਰ ਲਾਲ):— ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਬੁਰਜ ਮੱਖਣ ਸਿੰਘ ਵਾਲਾ ਵਿਖੇ ਦਮਦਮੀ ਟਕਸਾਲ ਮਹਿਤਾ ਵੱਲੋਂ ਸੰਤ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਜੋ ਕਿ ਦਮਦਮੀ ਟਕਸਾਲ ਦੇ ਮਜੂਦਾ ਮੁਖੀ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸਰਪ੍ਰਸਤੀ ਹੇਠ ਚੱਲ ਰਿਹਾ ਹੈ ਇਸ ਵਿੱਦਿਅਕ ਅਦਾਰੇ ਨੇ ਜਿੱਥੇ ਦੁਨਿਆਵੀਂ ਵਿਦਿਆ ਵਿੱਚ ਵਿਦਿਆਰਥੀਆਂ ਨੂੰ ਨਿਪੁੰਨ ਕੀਤਾ ਉਥੇ ਧਾਰਮਿਕ ਅਤੇ ਚੰਗੀ ਸ਼ਖ਼ਸੀਅਤ ਦੇ ਧਾਰਨੀ ਬਣਾ ਕਿ ਵਿਦਿਆਰਥੀਆਂ ਦੀ ਸਿਰਜਣਾ ਕੀਤੀ ਹੈ ਇਸ ਵਿੱਦਿਅਕ ਅਦਾਰੇ ਵਿੱਚੋਂ ਜਿੱਥੇ ਹਜ਼ਾਰਾਂ ਵਿਦਿਆਰਥੀਆਂ ਨੇ ਬੋਰਡ ਦੀ ਮੈਰਿਟ ਵਿੱਚ ਸਥਾਨ ਹਾਸਲ ਕੀਤੇ ਉਥੇ ਖੇਡਾਂ ਵਿਚ ਚੰਗੇ ਸਥਾਨ ਪ੍ਰਾਪਤ ਕਰਕੇ ਉਚ ਮੁਕਾਮ ਹਾਸਲ ਕੀਤੇ ਹਨ ਅਤੇ ਕਰਦੇ ਰਹਿਣਗੇ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਦੱਸਿਆ ਕਿ ਸਕੂਲ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਬਾਬਾ ਜੀ ਵੱਲੋਂ ਜਿੱਥੇ ਨਾ ਮਾਤਰ ਫੀਸਾਂ ਵਿੱਚ ਉੱਚ ਕੋਟੀ ਦੀ ਵਿਦਿਆ ਦਿੱਤੀ ਜਾ ਰਹੀ ਹੈ ਉਸ ਦੇ ਨਾਲ—ਨਾਲ ਮੈਰਿਟ ਵਿੱਚ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਖੇਡਾਂ ਵਿੱਚ ਉੱਚ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਲਈ ਖਾਸ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ ਇਸ ਦੇ ਨਾਲ ਹੀ ਨਰਸਰੀ ਜਮਾਤ ਦੇ ਵਿਦਿਆਰਥੀਆਂ ਨੂੰ ਏ.ਸੀ ਅਤੇ ਸਮਾਰਟ ਕਲਾਸ ਰੂਮ ਦੀ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਗੁਰ ਸਿੱਖ ਪਰਿਵਾਰਾਂ ਅਤੇ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਖ਼ਾਸ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਨੇ ਸਕੂਲ ਦੇ ਵਿਦਿਆਰਥੀਆਂ ਲਈ ਕੀਤੇ ਜਾ ਰਹੇ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਨਵੀਂ ਤਕਨੀਕ ਦੀ ਐਜੂਕੇਸ਼ਨ ਦੇਣ ਲਈ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਉਨ੍ਹਾਂ ਦੱਸਿਆ ਕਿ ਉਪਨ ਵਿਧੀ ਰਾਹੀਂ ਕੋਈ ਵੀ ਵਿਦਿਆਰਥੀ ਜੋ ਕਿਸੇ ਕਾਰਨ ਦੱਸਵੀਂ ਅਤੇ ਬਾਰਵੀਂ ਜਮਾਤ ਪਾਸ ਨਹੀਂ ਕਰ ਸਕਿਆ ਉਨ੍ਹਾਂ ਵਾਸਤੇ ਇਸ ਸਾਲ ਤੋਂ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਵਿੱਚ ਕਿਸੇ ਵੀ ਉਮਰ ਵਿੱਚ ਦਸਵੀਂ ਅਤੇ ਬਾਰ੍ਹਵੀਂ ਜਮਾਤ ਘਰ ਬੈਠ ਕੇ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਮਧਿਆਮ ਰਾਹੀਂ ਆਪਣੀ ਪੜ੍ਹਾਈ ਵਿਚ ਵਾਧਾ ਕਰਨ ਵਾਲੇ ਵਿਦਿਆਰਥੀ ਵੱਧ ਤੋਂ ਵੱਧ ਮਾਤਰਾ ਵਿਚ ਆਪਣੇ ਦਾਖਲਾ ਲੈਣ ਤਾਂ ਜ਼ੋ ਉਹ ਇਸ ਸਹੂਲਤ ਦਾ ਲਾਭ ਪ੍ਰਾਪਤ ਕਰ ਸਕਣ।

***********************************************************




**ਅੱਜ ਦੇ ਦਿਨ 24 ਜਨਵਰੀ 1990 ਨੂੰ ਸਿੱਖ ਕੌਮ ਦੇ ਰੌਸ਼ਨ ਦਿਮਾਗ ਆਗੂ ਭਾਈ ਹਰਮਿੰਦਰ ਸਿੰਘ ਸੰਧੂ ਨੂੰ ਵਿਸਾਹਘਾਤੀਆਂ ਦੀ ਸਾਜ਼ਿਸ਼ ਰਾਹੀਂ ਸਿੱਖ ਕੌਮ ਕੋਲ੍ਹੋਂ ਖੋਹ ਲਿਆ ਗਿਆ ਸੀ।** ਉਸ ਯੋਧੇ ਤੇ ਲਿਖੀ ਕਿਤਾਬ 'ਰੌਸ਼ਨ ਦਿਮਾਗ ਨੂੰ ਪੰਥ ਵੱਲੋਂ ਭਰਪੂਰ' ਹੁੰਗਾਰਾ ਪ੍ਰਾਪਤ ਹੋਇਆ। ਤਸਵੀਰ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਥ ਵਿੱਚ 'ਵੰਗਾਰ' ਮੈਗਜ਼ੀਨ ਦੀ ਉਹ ਕਾਪੀ ਹੈ, ਜਿਸ ਉੱਤੇ ਛਪ ਰਹੀ ਕਿਤਾਬ 'ਰੌਸ਼ਨ ਦਿਮਾਗ' ਦੀ ਐਡ ਸੀ ।ਡਿਬਰੂਗੜ੍ਹ ਜੇਲ੍ਹ ਅੰਦਰ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀ ਸਿੰਘਾਂ ਤਕ ਹੋਰ ਕਿਤਾਬਾਂ ਤਾਂ ਜਾਣ ਦਿੱਤੀਆਂ ਜਾਂਦੀਆਂ ਹਨ, ਪਰ 'ਰੌਸ਼ਨ ਦਿਮਾਗ' ਕਿਤਾਬ ਜੇਲ੍ਹ ਪ੍ਰਸ਼ਾਸਨ ਵੱਲੋਂ ਅੰਦਰ ਨਹੀਂ ਜਾਣ ਦਿੱਤੀ ਗਈ ਅਤੇ ਵਾਪਸ ਮੋੜ ਦਿੱਤੀ ਗਈ। ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਤਕ ਵੀ ਇਹ ਕਿਤਾਬ ਨਹੀਂ ਪਹੁੰਚਣ ਦਿੱਤੀ ਗਈ।

(ਬਲਜੀਤ ਸਿੰਘ ਖ਼ਾਲਸਾ)

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਵਲੋਂ

# ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਭਿੰਡਰਾਂਵਾਲਿਆਂ ਦਾ ਸਨਮਾਨ

**ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਸ਼ਾਂ ਵਲੋਂ ਪੰਥ ਦੇ ਉਜਵਲ ਭਵਿੱਖ ਲਈ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦਾ ਸਟੀਕ ਪੂਰਾ ਕਰਨਾ ਇਕ ਮਹਾਨ ਕਾਰਜ ਹੈ। ਪੂਰਾ ਪੰਥ ਦਮਦਮੀ ਟਕਸਾਲ ਅਤੇ ਮਹਾਂਪੁਰਸ਼ਾਂ ਦਾ ਸਦਾ ਰਿਣੀ ਰਹੇਗਾ।**










**ਨਾਦੇੜ-ਮਹਾਂਰਾਸ਼ਟਰ, 24 ਜਨਵਰੀ (ਸ਼ਮਸ਼ੇਰ ਸਿੰਘ ਜੇਠੂਵਾਲ)**-ਅਬਿਚਲਨਗਰ ਤਖ਼ਤ ਸੱਚਖੰਡ ਸ੍ਰੀ ਹਜੂਰ ਸਾਹਿਬ ਨਾਦੇੜ ਵਿਖੇ ਖਾਲਸਾ ਪੰਥ ਦੀ ਜੁਝਾਰੂ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਪ੍ਰਕਾਸ਼ਤ "ਸ਼੍ਰੋਮਣੀ ਦਮਦਮੀ ਸਟੀਕ÷ਦੀ ਸੰਪੂਰਨਤਾ ਦੀ ਖੁਸ਼ੀ ਅੰਦਰ ਤਖ਼ਤ ਸਾਹਿਬ ਜੀ ਵਿਖੇ ਪੰਜ ਸਿੰਘ ਸਾਹਿਬਾਨ ਜੀ ਵੱਲੋਂ ਅਰਦਾਸ ਕਰਕੇ ਸਤਿਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ। ਸੰਤ ਗਿਆਨੀ ਹਰਨਾਮ ਸਿੰਘ ਭਿੰਡਰਾਂਵਾਲਿਆਂ ਵੱਲੋਂ ਸਤਿਗੁਰੂ ਸਾਹਿਬ ਜੀ ਅਤੇ ਸਿੰਘ ਸਾਹਿਬਾਨ ਦਾ ਰੋਮ ਰੋਮ ਕਰਕੇ ਧੰਨਵਾਦ ਕੀਤਾ ਗਿਆ।

ਦਸਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੇ ਹੋਏ ਧੁਰ ਕੀ ਬਾਣੀ ਦੇ ਅਰਥ ਅਧਿਆਤਮਕ ਪਾਂਧੀਆਂ ਵਾਸਤੇ ਅਨਮੋਲ ਖਜਾਨਾ ਹਨ। ਜਿਸ ਨੂੰ ਦਮਦਮੀ ਟਕਸਾਲ ਦੇ ਮੁਖੀ ਮਹਾਂਪੁਰਸ਼ਾਂ ਵਲੋਂ ਸੀਨਾ- ਬਸੀਨਾ ਆਪਣੇ ਹਿਰਦੇ ਵਿੱਚ ਵਸਾ ਕੇ ਮੌਖਿਕ ਰੂਪ ਵਿਚ ਸਿੱਖ ਸੰਗਤਾਂ ਵਿੱਚ ਪ੍ਰਚਾਰਦੇ ਪ੍ਰਸਾਰਦੇ ਆਏ ਹਨ। ਇਸ ਅਨਮੋਲ ਖਜ਼ਾਨੇ ਨੂੰ ਕਲਮਬੰਦ ਕਰਕੇ ਹਮੇਸ਼ਾਂ ਵਾਸਤੇ ਸੰਭਾਲਣ ਦੀ ਅਤਿਅੰਤ ਜ਼ਰੂਰਤ ਸੀ।

ਇਸ ਪਰਉਪਕਾਰ ਦੀ ਭਾਵਨਾ ਨੂੰ ਲੈ ਕਰਕੇ ਦਮਦਮੀ ਟਕਸਾਲ ਦੇ ਬਾਹਰਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮਹਾਂਪੁਰਸ਼ਾਂ ਨੇ ਸੰਨ 1973 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਅਰਦਾਸ ਕਰਕੇ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੇ ਹੋਏ ਗੁਰਬਾਣੀ ਦੇ ਅਰਥਾਂ ਨੂੰ ਸਟੀਕ ਅੰਦਰ ਲਿਖਣਾ ਆਰੰਭ ਕੀਤਾ। ਉਨ੍ਹਾਂ ਤੋਂ ਬਾਅਦ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਸ਼ਾਂ ਵਲੋਂ ਜਪੁਜੀ ਸਾਹਿਬ, ਰਹਿਰਾਸ ਸਾਹਿਬ ਤੇ ਕੀਰਤਨ ਸੋਹਿਲਾ ਸਾਹਿਬ ਦਾ ਸਟੀਕ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਤੋਂ ਰਲੀਜ਼ ਕੀਤਾ ਗਿਆ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਸ਼ ਜਿਆਦਾ ਸਮਾਂ ਪੰਜਾਬ ਅਤੇ ਪੰਥ ਦੀਆਂ ਹੱਕੀ ਮੰਗਾਂ ਖਾਤਰ ਸੰਘਰਸ਼ ਨੂੰ ਸਮ੍ਰਪਿਤ ਰਹੇ, ਉਨ੍ਹਾਂ ਤੋਂ ਬਾਅਦ ਸੰਤ ਬਾਬਾ ਠਾਕੁਰ ਸਿੰਘ ਜੀ ਮਹਾਂਪੁਰਸ਼ਾਂ ਦੇ ਸਮੇਂ ਪੰਜਾਬ ਜੁਲਮ ਦੀ ਭੱਠੀ ਵਿਚ ਪਿਆ ਰਿਹਾ। ਜਿਸ ਕਾਰਨ ਲੰਮੀ ਖੜੋਤ ਤੋਂ ਬਾਅਦ ਹੁਣ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਸ਼ਾਂ ਵਲੋਂ 14 ਸਾਲ ਦੀ ਘਾਲਣਾ ਘਾਲ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਟੀਕ ਸੰਪੂਰਨ ਕਰਕੇ ਪੰਥ ਨੂੰ ਅਰਪਿਤ ਕੀਤਾ ਗਿਆ ਹੈ। ਜਿਸ ਦਾ ਨਾਮ 'ਸ਼੍ਰੋਮਣੀ ਦਮਦਮੀ ਸਟੀਕ ਰੱਖਿਆ ਗਿਆ ਹੈ।

**ਆਠ ਪਹਰ ਜਨੁ ਹਰਿ ਹਰਿ ਜਪੈ ॥**
**ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥**
**ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥**
**ਨਾਨਕ ਜਨ ਸੰਗਿ ਕੇਤੇ ਤਰੇ ॥7॥**
**(ਰਾਗ ਗਉੜੀ, ਅੰਗ:** 265)

ਸੰਤ ਗਿਆਨੀ ਹਰਨਾਮ ਸਿੰਘ ਜੀ ਭਿੰਡਰਾਂਵਾਲਿਆਂ ਦੇ ਜੀਵਨ ਬਾਰੇ ਜੇਕਰ ਘੋਖਿਆ ਜਾਵੇ ਤਾਂ ਆਪ ਜੀ ਇਕ ਦਰਵੇਸ਼ ਸੰਤ ਸਿਪਾਹੀ ਮਹਾਂਪੁਰਸ਼ ਹਨ। ਮਿਸਾਲ ਵਜੋਂ ਰਾਜਾ ਜਨਕ ਨੇ ਯਾਗਵਲਕ ਰਿਸ਼ੀ ਨੂੰ ਪ੍ਰਸ਼ਨ ਕੀਤਾ ਕਿ ਮਹਾਂਰਿਸ਼ੀ ਜੀ ਮਨੁੱਖ ਕੋਲ ਕੈਸੀ ਜਯੋਤਿ ਹੈ? ਰਿਸ਼ੀ ਨੇ ਉੱਤਰ ਦਿੱਤਾ ਕਿ ਮਨੁੱਪ ਕੋਲ ਸੂਰਜ ਦੀ ਜਯੋਤਿ ਹੈ, ਜਿਸਦੇ ਆਸਰੇ ਇਹ ਤੁਰਦਾ ਫਿਰਦਾ ਤੇ ਆਪਣੇ ਕੰਮ ਸਾਧਦਾ ਹੈ। ਰਾਜੇ ਨੇ ਫੇਰ ਸਵਾਲ ਕੀਤਾ, ਜਿਸ ਵੇਲੇ ਸੂਰਜ ਡੁੱਬ ਜਾਵੇ? ਰਿਸ਼ੀ ਕਹਿਣ ਲੱਗੇ ਮਨੁੱਖ ਕੋਲ ਚੰਦਰਮਾ ਦੀ ਜਯੋਤਿ ਹੈ, ਰਾਜਨ ਜੇਕਰ ਦੋਵੇਂ ਛਿਪ ਜਾਣ ਤਾਂ ਅੱਗ ਦੀ ਰੌਸ਼ਨੀ ਹੈ, ਅੱਗ ਦੇ ਨਾ ਰਹਿਣ ਤੇ ਮਨੁੱਖ ਕੋਲ ਆਪਣੀ ਬਾਣੀ ਦਾ ਚਾਨਣ ਹੈ। ਹੇ ਰਾਜਨ! ਜਿਸ ਵੇਲੇ ਸਾਰੀਆਂ ਜੋਤਾਂ ਮਿਟ ਜਾਣ ਤਾਂ ਆਪਣਾ ਆਪ ਆਤਮਾ ਹੀ ਜਯੋਤਿ ਬਣ ਜਾਂਦੀ ਹੈ, ਫੇਰ ਮਨੁੱਖ ਆਤਮਾ ਦੀ ਜਯੋਤਿ ਨਾਲ ਹੀ ਤੁਰਦਾ ਫਿਰਦਾ ਤੇ ਸਾਰੇ ਕਾਰਜ ਕਰਦਾ ਹੈ। ਮੇਰਾ ਖਿਆਲ ਹੈ ਏਸ ਅੰਦਰਲੀ ਰੌਸ਼ਨੀ ਨਾਲ ਦੁਨੀਆਂ ਨੂੰ ਵੇਖਣਾ "ਲੰਮੀ ਨਦਰਿ" ਹੈ।

ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਲੰਮੀ ਨਦਰਿ ਦੇ ਤਲਕਾਰੇ ਵਾਲੇ ਮਹਾਂਪੁਰਸ਼ ਹਨ, ਜਿੰਨ੍ਹਾਂ ਨੇ ਨਿੰਦਿਆ ਦੇ ਵਗਦੇ ਝਖੜ੍ਹਾਂ ਵਿਚ ਵੀ ਆਪੇ ਨੂੰ ਨਾ ਗਵਾ ਕੇ ਇਕ ਰਸ ਵਿਚਰਦਿਆਂ ਵੱਡੇ ਕੌਮੀ ਕਾਰਜਾਂ ਨੂੰ ਸਿਰੇ ਚਾੜ੍ਹਿਆ ਹੈ। ਜਿੰਨ੍ਹਾਂ 'ਚੋਂ ਸਭ ਤੋਂ ਭਲਾ ਉਦਮ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਗੁਰਬਾਣੀ ਦਾ ਇਹ ਟੀਕਾ ਹੈ।

**ਪੰਥ ਦੀ ਵਰਤਮਾਨ ਤ੍ਰਾਸਦੀ:**

ਮਰਿਯਾਦਾ ਦੇ ਨਾਮ ਹੇਠ ਆਪੂੰ ਬਣੀਆਂ ਜਥੇਬੰਦੀਆਂ ਨੇ ਅੱਜ ਦੋਆਬਾ ਖੇਤਰ ਵਿਚ ਉਦਾਸੀ ਨਿਰਮਲੇ ਡੇਰਿਆਂ 'ਚੋਂ ਸਿੱਖੀ ਖਤਮ ਕਰਕੇ ਉਨ੍ਹਾਂ ਨੂੰ ਆਪਣੇ ਅਸਥਾਨਾਂ ਤੇ ਮਜਬੂਰਨ ਮੂਰਤੀਆਂ ਰੱਖਣ ਲਈ ਬੇਵਸ ਕਰ ਦਿੱਤਾ, ਜਦਕਿ ਮੁਗ.ਲ ਰਾਜ ਦੌਰਾਨ ਅਠਾਰਵੀਂ ਸਦੀ ਵਿਚ ਖਾਲਸਾ ਪੰਥ ਦੇ ਜਰਨੈਲ ਹਕਮਤੀ ਸਖਤੀਆਂ ਕਾਰਨ ਜੰਗਲਾਂ ਛੋਡਾਂ ਵਿਚ ਨਿਵਾਸ ਰੱਖਦੇ ਸਨ। ਤਵਾਰੀਖ਼ ਦੇ ਇਸ ਸੱਚ ਤੋਂ ਕੋਈ ਮੁਨਕਰ ਨਹੀਂ, ਸਿੰਘਾਂ ਦੇ ਜੰਗਲਾਂ ਵਿਚ ਜਾਣ ਤੋਂ ਬਾਅਦ ਗੁਰਦੁਆਰਿਆਂ ਦਾ ਪ੍ਰਬੰਧ ਉਦਾਸੀ ਨਿਰਮਲੇ ਸਿੰਘ ਸੰਭਾਲਦੇ ਸਨ। ਜੇਕਰ ਉਦਾਸੀ ਨਿਰਮਲ ਸੰਪ੍ਰਦਾਵਾਂ ਸਿੱਖ ਵਿਰੋਧੀ ਸਨ ਤਾਂ ਉਨ੍ਹਾਂ ਖਿਲਾਫ਼ ਖਾਲਸਾ ਪੰਥ ਵਲੋਂ ਕੋਈ ਕਾਰਵਾਈ ਕਿਉਂ ਨਾ ਹੋਈ...?

ਜਿਹੜੇ ਸਿੰਘ ਜਾਨ ਤੇ ਖੇਡ ਕੇ ਅਬਦਾਲੀ ਨਾਲ ਜੂਝਦੇ ਰਹੇ, ਉਨ੍ਹਾਂ ਵਲੋਂ ਆਪਣਿਆਂ ਨੂੰ ਸਬਕ ਸਿਖਾਉਣਾ ਕਿੱਡੀ ਕੁ ਵੱਡੀ ਗੱਲ ਸੀ..? ਤਵਾਰੀਖ਼ ਅਨੁਸਾਰ ਸਿੱਖ ਮਿਸਲਾਂ ਦੇ ਮੁਖੀਆਂ ਨੇ ਉਦਾਸੀ ਨਿਰਮਲ ਸੰਪ੍ਰਦਾਵਾਂ ਦੇ ਪ੍ਰਭਾਵ ਅਧੀਨ ਸਿੱਖੀ ਧਾਰਨ ਕੀਤੀ ਸੀ, ਮਿਸਾਲ ਵਜੋਂ ਕਨ੍ਹਈਆ ਮਿਸਲ ਦੇ ਖੁਸ਼ਹਾਲ ਚੰਦ ਨੇ ਆਪਣੇ ਪੁੱਤਰ ਨੂੰ ਅੰਮ੍ਰਿਤ ਪਾਨ ਕਰਵਾਇਆ ਜੋ ਬਾਅਦ ਵਿਚ ਜੈ ਸਿੰਘ ਕਨ੍ਹਈਆ ਕਰਕੇ ਪ੍ਰਸਿੱਧ ਹੋਏ। ਡੱਲੇਵਾਲੀਆ ਮਿਸਲ ਦੇ ਮੁਖੀ ਗੁਲਾਬ ਸਿੰਘ ਦੇ ਪਿਤਾ ਸ਼ਰਧਾ ਰਾਮ ਅਤੇ ਨਿਸ਼ਾਨ ਵਾਲੀ ਮਿਸਲ ਦੇ ਮੁਖੀ ਮੋਢੀ ਸਰਦਾਰ ਦਸਵੰਧਾ ਸਿੰਘ ਦੇ ਪਿਤਾ ਚੌਧਰੀ ਸਾਹਿਬ ਰਾਏ ਜੋ ਹਿੰਦੂ ਸਨ, ਨੇ ਸਿੰਘਾਂ ਬਾਰੇ ਦਲੇਰੀ ਭਰਿਆ ਪ੍ਰਚਾਰ ਸੁਣ ਕੇ ਸਿੱਖੀ ਧਾਰਨ ਕੀਤੀ। ਵਰਤਮਾਨ ਵਿਚ ਦੋਆਬਾ ਖੇਤਰ ਵਿਚ ਹੜ੍ਹਾਂ ਸਮੇਂ ਪਾਣੀ ਵਿਚ ਡੁੱਬ ਚੁੱਕੇ ਪਿੰਡਾਂ ਦੇ ਗੁਰਦੁਆਰਾ ਸਾਹਿਬਾਨ ਚੋਂ ਨਿਰਮਲੇ ਸੰਤਾਂ ਵਲੋਂ ਬੇੜੀਆਂ ਤੇ ਜਾ ਕੇ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਗੁਰੂ ਘਰਾਂ 'ਚੋਂ ਸਤਿਕਾਰ ਸਹਿਤ ਮਰਿਯਾਦਾ ਨਾਲ ਸੁਰਖਿਅਤ ਬਾਹਰ ਲਿਆਂਦੇ ਗਏ। ਤਵਾਰੀਖ਼ ਇਸ ਤੱਥ ਦਾ ਗਵਾਹ ਹੈ ਕਿ ਅਠਾਰਵੀਂ ਸਦੀ ਵਿਚ ਜਦੋਂ ਖਾਲਸਾ ਪੰਥ ਜੰਗਲਾਂ-ਯੁੱਧਾਂ 'ਚ ਰਿਹਾ, ਉਦੋਂ ਸਾਡੇ ਪਵਿੱਤਰ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਉਦਾਸੀਆਂ ਨਿਰਮਲਿਆਂ ਮਹਾਂਪੁਰਸ਼ਾਂ ਨੇ ਕੀਤੀ। ਜਿਵੇਂ ਪਤੀਬਤਾ ਇਸਤਰੀ ਕਦੇ ਦਾਅਵਾ ਨਹੀਂ ਕਰਦੀ ਕਿ ਮੈਂ ਆਪਣੇ ਪਤੀ ਤੋਂ ਬਿਨਾਂ ਮੈਂ ਕਿਸੇ ਵੱਲ ਨਹੀਂ ਵੇਖਦੀ। ਉਸਦੀ ਭਾਵਨੀ, ਨਿੰਮ੍ਰਤਾ, ਹਯਾ ਬਿਰਤਾ ਹੀ ਪਤੀਬ੍ਰਤਾ ਹੋਣ ਦਾ ਸਬੂਤ ਹੁੰਦੇ ਹਨ। ਇਵੇਂ ਹੀ ਮਹਾਰਾਜ ਜੀ ਦੀ ਇਲਾਹੀ ਗੁਰਬਾਣੀ ਨੂੰ ਮੰਨਣ ਵਾਲੇ, ਭਾਵਨਾ ਵਾਲੇ ਗੁਰਸਿੱਖ ਕਦੇ ਦਾਅਵੇ ਨਹੀਂ ਕਰਿਆ ਕਰਦੇ ਤੇ ਦੂਨੀ ਚੰਦ ਵਾਂਗ ਦਾਅਵਿਆਂ ਵਾਲੇ ਕਦੇ ਕਿਸੇ ਇਸ਼ਟ ਪ੍ਰਤੀ ਵਫਾਦਾਰ ਹੋ ਹੀ ਨਹੀਂ ਹੋ ਸਕਦੇ। ਇਸਲਾਮ ਦੀ ਰੂਹਾਨੀਅਤ ਭਰੀ ਤਹਿਜੀਬ ਦਾ ਸੰਸਾਰ ਪੱਧਰ 'ਤੇ ਨਾਸ਼ ਜਿਸ ਸ਼ਰੀਅਤ ਦੇ ਨਾਮ ਹੇਠ ਮਾਰਿਆ ਗਿਆ, ਆਪੂੰ ਬਣੀਆਂ ਜਥੇਬੰਦੀਆਂ ਇਸ ਰਾਹ ਨਾ ਪੈਣ। ਸਿੱਖ ਇਕ ਜਥੇਬੰਦਕ ਧਰਮ ਹੈ, ਇਸ ਸਿਧਾਂਤ 'ਤੇ ਪਹਿਰਾ ਦੇਣਾ ਹਰੇਕ ਪੰਥਕ ਸ਼ਖਸ਼ੀਅਤ ਤੇ ਜਥੇਬੰਦੀ ਦਾ ਪਹਿਲਾ ਫਰਜ ਹੋਣਾ ਚਾਹੀਦਾ ਹੈ।

ਸਾਡੀ ਸੰਸਾਰੀ ਜੀਵਾਂ ਦੀ ਅਚੇਤ ਸਥਿਤੀ ਹੀ ਐਸੀ ਹੈ ਕਿ ਅਸੀਂ ਸਤਿਗੁਰਾਂ ਦੇ ਅੰਮ੍ਰਿਤ ਬਚਨ ਧਿਆਨ ਨਾਲ ਸੁਣਦੇ ਹੀ ਨਹੀਂ, ਜੇਕਰ ਸੁਣਨ ਦਾ ਸੁਭਾਗ ਮਿਲ ਜਾਵੇ ਤਾਂ ਸਮਝ ਨਹੀਂ ਆਉਂਦੀ। ਜੇ ਸੋਝੀ ਆ ਜਾਵੇ ਤਾਂ ਮੰਨਦੇ ਨਹੀਂ, ਜੇਕਰ ਮੰਨ ਵੀ ਲਈਏ ਤਾਂ ਜੀਵਨ ਵਿਚ ਧਾਰਦੇ ਨਹੀਂ। ਐਸੀ ਡਾਵਾਂਡੋਲ ਸਥਿਤੀ ਦਾ ਮੂਲ ਕਾਰਨ ਗੁਰਬਾਣੀ ਵੀਚਾਰ ਦੀ ਘਾਟ ਹੈ ਜੋ ਗੁਰਬਾਣੀ ਵਿਆਖਿਆ ਤੋਂ" ਬਿਨਾਂ ਸੰਭਵ ਨਹੀਂ। ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਸ਼ਾਂ ਵਲੋਂ ਪੰਥ ਦੇ ਉਜਵਲ ਭਵਿੱਖ ਲਈ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦਾ ਸਟੀਕ ਪੂਰਾ ਕਰਨਾ ਇਕ ਮਹਾਨ ਕਾਰਜ ਹੈ। ਪੂਰਾ ਪੰਥ ਦਮਦਮੀ ਟਕਸਾਲ ਅਤੇ ਮਹਾਂਪੁਰਸ਼ਾਂ ਦਾ ਸਦਾ ਰਿਣੀ ਰਹੇਗਾ। ••

# ਜਲੂਪੁਰ ਖੇੜਾ ਪਿੰਡ ਬਣਿਆ ਸਿੱਖ ਸੰਘਰਸ਼ ਦਾ ਕੇਂਦਰ

**☛ਚਲਦੇ ਵਹੀਰ ਕਰਨਗੇ ਪੰਜਾਬ ਦੇ ਪਿੰਡਾਂ ਵਿੱਚ ਮਾਰਚ। ☛ ਅੰਮ੍ਰਿਤਪਾਲ ਸਿੰਘ ਦਾ ਕਾਲਜਾਂ, ਯੂਨੀਵਰਸਿਟੀਆਂ ਵਿੱਚ ਜਾਣ ਦਾ ਪ੍ਰੋਗਰਾਮ। ☛ਤਤੀਆਂ ਗਲਾਂ ਦੀ "ਲੋੜ" ਸੀ। ☛ ਬਹੁਤ ਸਵਾਲ ਅਜੇ ਜਿਉਂ ਦੇ ਤਿਉਂ ਖੜ੍ਹੇ ਹਨ। ☛ ਰਹਸ ਅਤੇ ਵਿਸਮਾਦ ਨਾਲ ਜੁੜੀਆਂ ਗਲਾਂ ਵੀ ਹੋਈਆਂ**

**ਕਰਮਜੀਤ ਸਿੰਘ ਚੰਡੀਗੜ੍ਹ**
**ਸੀਨੀਅਰ ਪੱਤਰਕਾਰ**

21 ਅਕਤੂਬਰ ਦੀ ਸ਼ਾਮ ਨੂੰ ਭਾਈ ਅੰਮ੍ਰਿਤਪਾਲ ਸਿੰਘ ਨਾਲ ਹੋਈ ਮੁਲਾਕਾਤ ਨੇ ਕਿੰਨੀਆਂ ਯਾਦਾਂ ਨੂੰ ਸਜਰੀ ਹਵਾ ਦੇ ਦਿੱਤੀ,ਇਤਿਹਾਸ ਦੇ ਕਈ ਦੌਰ ਸਾਕਾਰ ਹੋ ਗਏ।ਇਹ ਅਹਿਸਾਸ ਵੀ ਹੋਇਆ ਕਿ ਰੂਹ ਦੇ ਜ਼ੋਰ ਨਾਲ ਜਿਉਣ ਵਾਲੀ ਸਿੱਖ ਕੌਮ ਦੇ ਇਤਿਹਾਸ ਨੂੰ "ਅੰਤਰਮੁਖੀ ਨਜ਼ਰੀਏ ਤੋਂ ਵੇਖਣ ਦੀ ਵੀ ਲੋੜ ਹੈ। ਪਿੰਡ ਦਾ ਗੁਰਦੁਆਰਾ ਸਾਹਿਬ ਖਾਲਸਾਈ ਸਰਗਰਮੀਆਂ ਦਾ ਕੇਂਦਰ ਬਣ ਗਿਆ ਹੈ। ਅੰਮ੍ਰਿਤਪਾਲ ਸਿੰਘ ਸਾਰਾ ਦਿਨ ਉਥੇ ਹੀ ਰਹਿੰਦੇ ਹਨ ਜਿਥੇ ਦੂਰ ਦੂਰ ਤੋਂ ਆਉਣ ਵਾਲੇ ਨੌਜਵਾਨ,ਬਜ਼ੁਰਗ ਅਤੇ ਹਰ ਖੇਤਰ ਦੇ ਲੋਕ ਉਨ੍ਹਾਂ ਨੂੰ ਮਿਲਦੇ ਹਨ ਅਤੇ ਪੰਥਕ ਵਿਚਾਰਾਂ ਕਰਦੇ ਹਨ।ਲੰਗਰ ਹਰ ਸਮੇਂ ਚਲਦਾ ਹੈ। ਵਿਦਿਆਰਥੀਆਂ ਅੰਦਰ ਉਨ੍ਹਾਂ ਨੂੰ ਮਿਲਣ ਦੀ ਵਿਸ਼ੇਸ਼ ਖਿੱਚ ਰਹਿੰਦੀ ਹੈ। ਜ਼ਿੰਦਗੀ ਦੇ ਅਠੇ ਪਹਿਰ ਉਨ੍ਹਾਂ ਨੇ ਪੰਥ ਨੂੰ ਸਮਰਪਿਤ ਕਰ ਦਿੱਤੇ ਹਨ।

ਸਾਡੇ ਨਾਲ ਮੁਲਾਕਾਤ ਦੌਰਾਨ ਭਾਈ ਹਰਸਿਮਰਨ ਸਿੰਘ ਅਨੰਦਪੁਰ ਸਾਹਿਬ,ਭਾਈ ਜਸਵੰਤ ਸਿੰਘ ਦਿੱਲੀ ਵੀ ਬੈਠੇ ਹੋਏ ਸਨ ,ਜਦਕਿ ਭਾਈ ਅਮਰੀਕ ਸਿੰਘ ਮੁਕੇਰੀਆਂ ,ਭਾਈ ਸਿਮਰਜੀਤ ਸਿੰਘ ਰਿਸਰਚ ਸਕਾਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਸਿੱਖ ਚਿੰਤਕ ਭਾਈ ਪ੍ਰਭਜੋਤ ਸਿੰਘ ਨਵਾਂਸ਼ਹਿਰ ਕੁਝ ਕਾਰਨਾਂ ਕਰਕੇ ਪਹੁੰਚ ਨਹੀਂ ਸਨ ਸਕੇ।

ਤਿੰਨ ਘੰਟੇ ਲੰਮੀ ਮੁਲਾਕਾਤ ਉਦੋਂ ਖ਼ਤਮ ਹੋਈ ਜਦੋਂ ਜਲੂਪੁਰ ਖੇੜਾ ਪਿੰਡ ਦੀ ਢਲਦੀ ਸ਼ਾਮ ਰਾਤ ਵੱਲ ਸਫ਼ਰ ਕਰ ਰਹੀ ਸੀ ਮੈਨੂੰ ਪਤੈ,ਤੁਸੀਂ ਇਹ ਸਵਾਲ ਕਰਨ ਲਈ ਉਤਾਵਲੇ ਹੋ ਕਿ ਇਹ ਮੁਲਾਕਾਤ ਕਿਸ ਤਰ੍ਹਾਂ ਦੀ ਸੀ ?ਮਾਹੌਲ ਕਿਹੋ ਜਿਹਾ ਸੀ ?ਸਵਾਲਾਂ ਦੀ ਬੁਛਾੜ ਹੋਈ ਕਿ ਨਹੀਂ ? ਜਵਾਬਾਂ ਦਾ ਪੱਧਰ ਕਿਹੋ ਜਿਹਾ ਸੀ ?ਉਨ੍ਹਾਂ ਜਵਾਬਾਂ ਵਿਚ ਸੂਝ,ਸਿਆਣਪ,ਧੀਰਜ ਅਤੇ ਠਰ੍ਹੰਮੇ ਦਾ ਗ੍ਰਾਫ ਕਿਸ ਤਰ੍ਹਾਂ ਦਾ ਸੀ ? ਉਸ ਦੀਆਂ ਗੱਲਾਂ ਤੇ ਅਮਲਾਂ ਵਿਚ ਕਿੰਨੀ ਕੁ ਗੂੜ੍ਹੀ ਸਾਂਝ ਮਹਿਸੂਸ ਹੋਈ ?ਕਿੰਨਾ ਪਾੜਾ ਸੀ ?

ਇਕ ਵੱਡਾ ਸੁਆਲ ਇਹ ਵੀ ਸੀ ਜੋ ਬਹੁਤ ਘੱਟ ਲੋਕ ਪੁੱਛਦੇ ਹਨ ਕਿ ਕੀ ਤੁਸੀਂ ਆਖਿਰਕਾਰ ਅੰਮ੍ਰਿਤਪਾਲ ਸਿੰਘ ਦੀ "ਅੰਦਰਲੀ ਰੋਸ਼ਨੀ" ਤੱਕ ਪਹੁੰਚ ਸਕੇ, ਜਿਸ ਰੌਸ਼ਨੀ ਨੂੰ ਮੀਡੀਆ ਤੇ ਵਿਦਵਾਨਾਂ ਦਾ ਇਕ ਪਾਸੜ ਉਲਾਰ ਸੁਭਾਅ ਸਦਾ ਵਾਂਗ ਵੇਖ ਹੀ ਨਹੀਂ ਸਕਿਆ ਜਾਂ ਵੇਖਣਾ ਹੀ ਨਹੀਂ ਚਾਹੁੰਦਾ ਜਾਂ ਵੇਖਣ ਤੋਂ ਡਰ ਲੱਗਦਾ ਹੈ। ਅੰਦਰਲੀ ਰੌਸ਼ਨੀ ਤਕ ਪਹੁੰਚਣਾ ਏਨਾ ਆਸਾਨ ਨਹੀਂ ਹੁੰਦਾ ਅਤੇ ਵੱਡੇ ਬੰਦਿਆਂ ਦੇ ਕਾਲਜੇ ਦੀ ਪੀੜ(ਕਰਕ ਕਲੇਜੇ ਮਾਹਿ) ਨੂੰ ਆਪਣੀ ਪੀੜ ਬਨਾਉਣਾ ਵੀ ਮੁਸ਼ਕਲ ਹੁੰਦਾ ਹੈ, ਕਿਉਂਕਿ ਬਦਲਾਂ ਨਾਲ ਗੱਲਾਂ ਕਰਨ ਲਈ ਤੁਹਾਨੂੰ ਬਾਜ਼ ਨਾਲ ਦੋਸਤੀ ਪਾਉਣੀ ਪੈਂਦੀ ਹੈ।

40 ਸਾਲ ਪਹਿਲਾਂ ਦੀ ਗੱਲ ਹੈ ,ਜਦੋਂ ਮੈਂ ਦਰਬਾਰ ਸਾਹਿਬ ਕੰਪਲੈਕਸ ਵਿੱਚ ਗੁਰੂ ਨਾਨਕ ਨਿਵਾਸ ਦੀ ਉਪਰਲੀ ਛੱਤ ਤੋਂ ਸੰਤ ਜਰਨੈਲ ਸਿੰਘ ਨਾਲ ਇੱਕ ਲੰਮੀ ਮੁਲਾਕਾਤ ਕਰਨ ਤੋਂ ਪਿੱਛੋਂ ਪੌੜੀਆਂ ਤੋਂ ਹੇਠਾਂ ਉਤਰ ਰਿਹਾ ਸੀ ਤਾਂ ਮੈਨੂੰ ਗੰਨਾ ਪਿੰਡ ਵਾਲੇ ਸਰਦਾਰ ਦਲਬੀਰ ਸਿੰਘ ਯਾਦ ਆ ਗਏ ਜਿਨ੍ਹਾਂ ਨੇ 1978 ਦੀ ਖ਼ੂਨੀ ਵਿਸਾਖੀ ਪਿੱਛੋਂ ਸੰਤ ਜਰਨੈਲ ਸਿੰਘ ਨਾਲ ਕਈ ਘੰਟੇ ਮੁਲਾਕਾਤ ਕਰਨ ਪਿੱਛੋਂ ਆਪਣਾ ਤਜਰਬਾ ਮੇਰੇ ਨਾਲ ਸਾਂਝਾ ਕਰਦਿਆਂ ਇਹ ਭਵਿੱਖਬਾਣੀ ਕੀਤੀ ਕਿ ਇਹ "ਬੰਦਾ ਇਤਿਹਾਸ ਵਿਚ ਕੋਈ ਵੱਡਾ ਰੋਲ ਅਦਾ ਕਰੇਗਾ" ਅਤੇ ਸੱਚਮੁੱਚ ਦੁਨੀਆਂ ਨੇ ਇਸੇ ਤਰ੍ਹਾਂ ਹੀ ਵੇਖਿਆ।ਸ਼ਾਇਦ ਤੁਸੀਂ ਅਜੇ ਸਹਿਮਤ ਨਾ ਹੋਵੋ ਪਰ ਜਲੂਪੁਰ ਖੇੜਾ ਗੁਰਦੁਆਰਾ ਸਾਹਿਬ ਦੀ ਉੱਪਰਲੀ ਛੱਤ ਤੋਂ ਹੇਠਾਂ ਉਤਰਦਿਆਂ ਮੈਨੂੰ ਵੀ ਇਹੋ ਮਹਿਸੂਸ ਹੋਇਆ ਕਿ "ਇਹ ਬੰਦਾ ਵੀ ਕੋਈ ਵੱਡਾ ਚਮਤਕਾਰ ਕਰ ਕੇ ਇਸ ਸੰਸਾਰ ਤੋਂ ਵਿਦਾ ਹੋਵੇਗਾ ਜਿਸ ਨੂੰ ਅੱਜ ਅਨਾੜੀ ਲੋਕਾਂ ਦਾ ਕਾਫ਼ਲਾ "ਕੱਲ੍ਹ ਦਾ ਜੁਆਕ" ਕਹਿ ਰਿਹਾ ਹੈ।÷

ਅਸੀਂ ਸਾਰੇ ਬੜੇ ਔਖੇ ਸਮਿਆਂ ਵਿਚੋਂ ਲੰਘ ਰਹੇ ਹਾਂ ,ਜਦੋਂ ਸਾਡੀ "ਨਜ਼ਰ" ਦਾ ਰਿਸ਼ਤਾ "ਅਸਮਾਨ" ਨਾਲ ਨਹੀਂ ਬਣ ਸਕਿਆ ।ਅਸੀਂ ਦੀਪ ਸਿੱਧੂ ਨੂੰ ਵੀ ਨਹੀਂ ਸੀ ਪਛਾਣ ਸਕੇ ਜਿਸ ਨੇ ਸਾਡੀ ਖੁਰ ਰਹੀ "ਹੋਂਦ÷ਦਾ ਵੱਡਾ ਦਾਰਸ਼ਿਨਕ ਸਵਾਲ ਖੜ੍ਹਾ ਕਰਕੇ ਵਿਰੋਧੀਆਂ ਦੇ ਕਾਫ਼ਲੇ ਵਿੱਚ ਕੰਬਣੀ ਛੇੜ ਦਿੱਤੀ ਸੀ ।ਇਹ ਉਹੀ ਸੀ ਜਿਸ ਨੇ ਕਿਸਾਨੀ ਨੂੰ ਫਿਲਾਸਫੀ,ਧਰਮ ਤੇ ਸੱਭਿਆਚਾਰ ਨਾਲ ਜੋੜ ਕੇ ਉਹ ਚਮਤਕਾਰ ਕੀਤਾ ਜਿਸ ਨੂੰ ਯਾਦ ਕਰਨ ਲਈ ਹੰਝੂ ਕਾਫ਼ੀ ਨਹੀਂ ਹਨ। ਸਿੱਧੂ ਮੂਸੇਵਾਲਾ ਵੀ ਅਸੀਂ ਨਹੀਂ ਪਹਿਚਾਣ ਸਕੇ ਜੋ ਇਕ ਤਰ੍ਹਾਂ ਨਾਲ ਕਲੀ ਸੀ ਜੋ ਖਿੜਨ ਤੋਂ ਪਹਿਲਾਂ ਹੀ ਮੁਰਝਾ ਗਈ ।ਇਕ ਅੱਧ ਖਿੜਿਆ ਫੁੱਲ ਸੀ ਜਿਸ ਨੇ ਆਪਣੀ ਖ਼ੁਸ਼ਬੋ ਅਜੇ ਵੰਡਣੀ ਸੀ ।

ਸਿੱਧੂ ਮੂਸੇ ਵਾਲਾ ਨੇ "ਪਹਿਲਾ ਪਾਣੀ ਜੀਉ ਹੈ" ਦੀ ਮਹਾਨਤਾ ਦਾ ਝੰਡਾ ਬੁਲੰਦ ਕਰਕੇ ਐਲਾਨ ਕੀਤਾ ਸੀ ਕਿ ਅਸੀਂ ਤੁਪਕਾ ਵੀ ਪਾਣੀ ਨਹੀਂ ਦੇਣਾ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਧੱਕਾ ਕਰੋਗੇ ਤਾਂ "ਬਲਵਿੰਦਰ ਜਟਾਣਾ ਫਿਰ ਆਵੇਗਾ ।ਪਾਣੀਆਂ ਦੇ ਮੁੱਦੇ ਤੇ ਹੋਈ ਬੇਇਨਸਾਫ਼ੀ ਨੂੰ ਉਸ ਨੇ ਸਾਡੀ ਰੂਹ ਤਕ ਉਤਾਰ ਦਿੱਤਾ।

ਭਾਈ ਅੰਮ੍ਰਿਤਪਾਲ ਸਿੰਘ ਵੀ ਉਨ੍ਹਾਂ ਰਾਹਾਂ ਤੇ ਚੱਲ ਪਿਆ ਹੈ ਜਿੱਥੇ ਕਿਸ਼ਤੀ ਕਿਨਾਰੇ ਤੇ ਬੈਠ ਕੇ ਨਹੀਂ ਚਲਾਈ ਜਾ ਸਕਦੀ ।ਦਰਿਆ ਦੀਆਂ ਲਹਿਰਾਂ ਵਿਚ ਠੇਲਣੀ ਪੈਂਦੀ ਹੈ ।ਇਹ ਖ਼ਾਲਸਾ ਯੁੱਗ ਦੇ ਪੈਂਡੇ ਹਨ ਜਿਸ ਉੱਤੇ ਪਹਿਲਾਂ ਸੰਤ ਜਰਨੈਲ ਸਿੰਘ,ਫਿਰ ਜੁਝਾਰੂ ਲਹਿਰ ,ਫਿਰ ਦੀਪ ਸਿੱਧੂ, ਸਿੱਧੂ ਮੂਸੇਵਾਲਾ ਅਤੇ ਹੁਣ ਇਨ੍ਹਾਂ ਪੈਂਡਿਆਂ ਦਾ ਗੁਰਜ ਬਿਨਾਂ ਸ਼ੱਕ ਵੀਰ ਅੰਮ੍ਰਿਤਪਾਲ ਸਿੰਘ ਕੋਲ ਹੈ।

ਅਸਲ ਵਿੱਚ ਇਨ੍ਹਾਂ ਪੈਂਡਿਆਂ ਦਾ ਸਫ਼ਰ ਵੱਖਰਾ ਹੈ,ਦਿਸ ਰਹੀਆਂ ਰਾਜਨੀਤਕ ਪਾਰਟੀਆਂ ਦੇ ਸੰਘਰਸ਼ਾਂ, ਉਨਾਂ ਦੇ ਲਾਈਫ ਸਟਾਈਲ ਤੇ ਉਨ੍ਹਾਂ ਦੀ ਮੰਜ਼ਿਲ ਤੋਂ ਉੱਕਾ ਹੀ ਵੱਖਰਾ ਹੈ,ਉਨ੍ਹਾਂ ਤਮਾਮ ਬਿਰਤਾਂਤਾਂ ਤੋਂ ਵੱਖਰਾ ਹੈ,ਜਿਨ੍ਹਾਂ ਬਿਰਤਾਂਤਾਂ ਵਿਚ ਅਸਲ ਵਿਚ ਮੈਂ ਕੀ ਹਾਂ (real-me) ਦੀ ਪਹਿਚਾਣ ਹੀ ਨਹੀਂ ਹੋ ਸਕਦੀ।

ਇਸ ਅੰਮ੍ਰਿਤਪਾਲ ਸਿੰਘ ਨੂੰ ਸਮਝਣ ਲਈ ਵੀ ਇਕ ਵੱਖਰੇ ਨਜ਼ਰੀਏ ਦੀ ਲੋੜ ਹੈ ਕਿਉਂਕਿ ਉਹ ਇਸ ਸਮੇਂ ਉਸ ਪੜਾਅ 'ਤੇ ਖੜਾ ਹੈ ਜਿੱਥੇ ਕੇਵਲ "ਅਹਿਸਾਸ" ਦਾ ਰੰਗ ਹੁੰਦਾ ਹੈ ਜੋ ਇਲਮਾਂ ਦੇ ਝੱਖੜਾਂ



ਨਾਲ ਨਹੀਂ ਸਮਝਿਆ ਜਾਂ ਮਾਪਿਆ ਜਾ ਸਕਦਾ, ਜਿੱਥੇ ਸੋਚ ਦੇ ਖੰਭ ਝੜ ਜਾਂਦੇ ਹਨ ਉਹ ਸੱਚਮੁੱਚ ਕਿਸੇ ਹੋਰ ਸਾਜ਼ ਦੀ ਤਾਰ ਹੈ।

ਜਲੂਪੁਰ ਖੇੜਾ ਦੀ ਲੰਮੀ ਮੁਲਾਕਾਤ ਵਿੱਚ ਇਹ ਹਕੀਕਤ ਨਿੱਖਰ ਕੇ ਸਾਹਮਣੇ ਆਈ ਕਿ ਅਸੀਂ ਗੁਰੂ -ਪਿਆਰ ਤੋਂ ਵਿੱਛੜ ਗਏ ਹਾਂ ਉਸ ਨੂੰ ਰੋਸ ਹੈ ਕਿ ਗੁਰੂ ਦੀ ਬੇਅਦਬੀ ਵੇਖ ਕੇ,ਸੁਣ ਕੇ ਸਾਡੇ ਅੰਦਰ ਸਿੱਖੀ ਸਿਧਾਂਤਾਂ ਅਤੇ ਜਜ਼ਿਬਆਂ ਦਾ ਤੂਫ਼ਾਨ ਕਿਉਂ ਨਹੀਂ ਝੂਲਦਾ ।ਗੁਰੂ ਗ੍ਰੰਥ ਸਾਹਿਬ ਸਾਡੇ ਲਈ ਇਕ ਸਾਧਾਰਨ ਕਿਤਾਬ ਬਣਾ ਦਿੱਤੀ ਗਈ ਹੈ ।ਬੇਅਦਬੀ ਦੀਆਂ ਘਟਨਾਵਾਂ ਨੂੰ ਅਸੀਂ ਆਮ ਜਿਹੀ ਗੱਲ ਸਮਝ ਲਿਆ ਹੈ ਜਿਵੇਂ ਕਿ ਸਾਡਾ ਦੁਸ਼ਮਣ ਚਾਹੁੰਦਾ ਸੀ ।ਧਰਮੀ ਅਖਵਾਉਂਦੇ ਲੋਕ ਵੀ ਸਰਕਾਰ ਵੱਲੋਂ ਵਰਤਾਏ ਇਸ ਕੰਮ ਨੂੰ ਮਿੱਠਾ ਕਰਕੇ ਮੰਨ ਰਹੇ ਹਨ।

ਇਸ ਬੇਵਸੀ ਦੇ ਆਲਮ ਵਿੱਚ ਨਸ਼ਿਆਂ ਨੇ ਥਾਂ ਬਣਾ ਲਈ ਹੈ ਅਤੇ ਅੰਮ੍ਰਿਤਪਾਲ ਸਿੰਘ ਦੇ ਦਰਦ ਭਿੱਜੇ ਸ਼ਬਦਾਂ ਮੁਤਾਬਕ "ਸਾਡੇ ਕੋਠੇ ਜਿੱਡੇ ਨੌਜਵਾਨ" ਹਰ ਰੋਜ਼ ਮਾਵਾਂ ਤੋਂ ਵਿੱਛੜ ਰਹੇ ਹਨ।ਖ਼ਾਲਿਸਤਾਨ ਵੀ ਤਾਂ ਇੱਕ ਨਾਅਰਾ ਹੀ ਬਣ ਗਿਆ ਹੈ।ਉਹ ਕਹਿੰਦਾ ਹੈ ਕਿ ਖ਼ਾਲਿਸਤਾਨ ਦੀ "ਰੂਹ" ਤੋਂ ਅਸੀਂ ਕਿਨਾਰਾ ਕਰ ਲਿਆ ਹੈ ਅਤੇ "ਜਿਸਮ" ਹੀ ਚੁੱਕੀ ਫਿਰਦੇ ਹਾਂ। ਇਥੋਂ ਤੱਕ ਕਿ ਖਾਲਿਸਤਾਨ ਲਈ ਸੰਘਰਸ਼ ਕਰਨ ਵਾਲੇ ਵੀ ਕਈ ਵੀਰ ਖਾਲਿਸਤਾਨ ਤੋਂ ਦੂਰ ਜਾ ਰਹੇ ਹਨ।

ਅੰਮ੍ਰਿਤਪਾਲ ਸਿੰਘ ਮੁਤਾਬਕ ਇਸ ਸਮੇਂ ਖਿਲਾਅ ਰਾਜਨੀਤਕ ਨਹੀਂ ਸਗੋਂ ਧਾਰਮਿਕ ਖਲਾਅ ਹੈ ।ਇਸੇ ਖਲਾਅ ਨੂੰ ਭਰਨ ਲਈ ਉਸ ਦੇ ਅੰਦਰ ਅੰਮ੍ਰਿਤ ਸੰਚਾਰ ਦੇ ਪਵਿੱਤਰ ਵਿਚਾਰ ਨੇ ਪ੍ਰਵੇਸ਼ ਕੀਤਾ ਅਤੇ ਜੋ ਹੁਣ ਇੱਕ ਵੱਡੀ ਲਹਿਰ ਬਣਦਾ ਜਾ ਰਿਹਾ ਹੈ ।ਸਚ ਤਾਂ ਇਹ ਹੈ ਕਿ ਇਹ ਅੰਮ੍ਰਿਤ ਸੰਚਾਰ ਮੁਲਕ ਦੀ ਸਥਾਪਤ ਮੁੱਖ ਧਾਰਾ ਵਿਰੁੱਧ ਇਕ ਪਵਿੱਤਰ ਬਗ਼ਾਵਤ ਹੈ ਅਤੇ ਖਾਲਸਾਈ ਮੁਖਧਾਰਾ ਦਾ ਪ੍ਰਵੇਸ਼ ਦੁਆਰ ਹੈ।

ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਵੀ ਉਹ ਗੇੜਾ ਮਾਰਨਾ ਚਾਹੁੰਦੇ ਹਨ ਜਿੱਥੇ ਉਹ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੇ ਸਵਾਲਾਂ ਦਾ ਸਾਹਮਣਾ ਕਰਨਗੇ ਜਦ ਕਿ ਸਰਬੱਤ ਖਾਲਸਾ ਬੁਲਾਉਣ ਤੋਂ ਪਹਿਲਾਂ ਉਹ ਤਮਾਮ ਜਥੇਬੰਦੀਆਂ ਅਤੇ ਸੰਸਥਾਵਾਂ ਨਾਲ ਸੰਪਰਕ ਕਰਕੇ ਹੀ ਕਿਸੇ ਅੰਤਮ ਫੈਸਲੇ ਤੇ ਪਹੁੰਚਣਗੇ ।ਮਾਲਵਾ ਖੇਤਰ ਦੀ ਜਨਤਾ ਤੱਕ ਵੱਡੀ ਪੱਧਰ ਤੇ ਪਹੁੰਚ ਕਰਨ ਦਾ ਵੀ ਉਨ੍ਹਾਂ ਨੇ ਮਨ ਬਣਾਇਆ ਹੋਇਆ ਹੈ।

ਅਸਲ ਵਿਚ ਲੰਮੀ ਮੁਲਾਕਾਤ ਵਿੱਚ ਬਹੁਤ ਸਾਰੇ ਮਸਲੇ ਸਾਹਮਣੇ ਆਏ, ਬਹੁਤ ਸਾਰੇ ਮਸਲਿਆਂ ਬਾਰੇ ਅਜੇ ਹੋਰ ਸਪਸ਼ਟੀਕਰਨ ਚਾਹੀਦੇ ਹਨ,ਬਹੁਤ ਸਾਰੇ ਮਸਲਿਆਂ ਦਾ ਜਵਾਬ ਸਮੇਂ ਉੱਤੇ ਛੱਡਿਆ ਗਿਆ ਹੈ।ਇਸਾਈਆਂ ਦੇ ਪ੍ਰਚਾਰ ਅਤੇ ਉਨ੍ਹਾਂ ਵੱਲੋਂ ਸਿੱਖ ਧਰਮ ਬਾਰੇ ਅਪਣਾਈ ਗਈ ਪਹੁੰਚ ਅਤੇ ਅੰਮ੍ਰਿਤਪਾਲ ਸਿੰਘ ਵੱਲੋਂ ਲਏ ਸਪੱਸ਼ਟ ਸਟੈਂਡ ਨੂੰ ਹੋਰ ਕਈ ਦ੍ਰਿਸ਼ਟੀਕੋਣਾਂ ਤੋਂ ਵੀ ਵਿਚਾਰਨ ਅਤੇ ਬਾਹਰਲੇ ਸਿੱਖਾਂ ਉੱਤੇ ਪੈਣ ਵਾਲੇ ਸੰਭਾਵੀ ਅਸਰਾਂ ਨੂੰ ਵੀ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ।

ਪੰਜਾਬ ਨੂੰ ਜਗਾਉਣ ਲਈ ਅੰਮ੍ਰਿਤਪਾਲ ਸਿੰਘ "ਚਲਦਾ ਵਹੀਰ" ਦੀ ਪੁਰਾਤਨ ਰਾਜਨੀਤੀ ਤੇ ਖ਼ਾਲਸਈ ਰਣਨੀਤੀ ਨੂੰ ਬਹਾਲ ਕਰ ਰਿਹਾ ਹੈ ਜਿਸ ਵਿੱਚ ਹੰਨੇ ਹੰਨੇ ਪੀਰੀ ਤੇ ਹੰਨੇ ਹੰਨੇ ਮੀਰੀ ਦਾ ਅਹਿਸਾਸ ਜਗਾਉਣ ਵਾਲੇ ਕਾਫ਼ਲੇ ਅਗਲੇ ਕੁਝ ਦਿਨਾਂ ਵਿਚ ਪੰਜਾਬ ਦੀ ਧਰਤੀ 'ਤੇ ਮਾਰਚ ਕਰਨਗੇ। ਇਹ ਮਾਰਚ ਪੈਦਲ ਵੀ ਹੋਵੇਗਾ ,ਘੋੜਿਆਂ ਤੇ ਵੀ ਹੋਵੇਗਾ ,ਪਿੰਡ ਪਿੰਡ ਪੜਾਅ ਹੋਵੇਗਾ ਅਤੇ ਉਨ੍ਹਾਂ ਦਾ ਦਾਅਵਾ ਹੈ ਕਿ ਕੀਰਤਨ,ਕਥਾ ਤੇ ਲੈਕਚਰ ਸੰਗਤਾਂ ਨੂੰ ਜਥੇਬੰਦ ਵੀ ਕਰਨਗੇ ,ਜਗਾਉਣਗੇ ਵੀ ਅਤੇ ਤੋਰਨਗੇ ਵੀ ਅੰਮ੍ਰਿਤਪਾਲ ਸਿੰਘ ਇਨ੍ਹਾਂ ਯਤਨਾਂ ਨੂੰ ਹੀ ਢਾਂਚੇ ਦਾ ਰੂਪ ਦਰਸਾ ਰਿਹਾ ਹੈ ਹਾਲਾਂਕਿ "ਵਾਰਸ ਪੰਜਾਬ ਦੇ" ਜਥੇਬੰਦੀ ਕਿਸ ਤਰ੍ਹਾਂ ਦੇ ਢਾਂਚੇ ਦੀ ਸਿਰਜਣਾ ਕਰੇਗੀ,ਉਸ ਦੀ ਰੂਪ ਰੇਖਾ ਬਾਰੇ ਗੱਲਾਂ ਅਜੇ ਸਪੱਸ਼ਟ ਨਹੀਂ ਹੋਈਆਂ ।

ਇਕ ਹੋਰ ਅਹਿਮ ਤੇ ਦਿਲਚਸਪ ਗੱਲ ਜਿਹੜੀ ਚੈਨਲਾਂ ਵਾਲਿਆਂ ਦੀ ਪਕੜ ਵਿੱਚ ਨਹੀਂ ਆ ਰਹੀ ਅਤੇ ਨਾ ਹੀ ਉਹ ਇਸ ਦੀ ਮਹੱਤਤਾ ਨੂੰ ਸਮਝ ਰਹੇ ਹਨ, ਉਹ ਇਹ ਹੈ ਕਿ ਅੰਮ੍ਰਿਤਪਾਲ ਸਿੰਘ ਮਨ,ਪਦਾਰਥ,ਵਿਕਾਰ,ਸਰੀਰ,ਡਰ, ਸੰਕਟ,ਪੈਗੰਬਰ,ਗੁਰੂ,ਸੁਰਤ,ਪਾਪ,ਪੁੰਨ ਬਾਰੇ ਵੀ ਖ਼ਾਲਸਈ ਨਜ਼ਰੀਏ ਤੋਂ ਗੱਲਾਂ ਕਰਦਾ ਹੈ ਜੋ ਸਤਈ ਜਾਂ ਓਪਰੀਆਂ ਨਹੀਂ ਸਗੋਂ ਤੁਹਾਡਾ ਗਹਿਰਾਈ ਦੇ ਆਲਮ ਨਾਲ ਰਿਸ਼ਤਾ ਵੀ ਜੋੜਦੀਆਂ ਹਨ,ਹਾਲਾਂਕਿ ਇਨ੍ਹਾਂ ਅਤਿ ਸੂਖਮ ਵਰਤਾਰਿਆਂ ਸਬੰਧੀ ਉਸ ਦੀ ਸੁਤੰਤਰ ਸਮਝ ਬਾਰੇ ਹੋਰ ਵਿਆਖਿਆਵਾਂ ਨੂੰ ਵੀ ਉਹ ਖੁੱਲ੍ਹਾ ਛੱਡਦਾ ਹੈ।ਪਰ ਇਸ ਤੋਂ ਇਹ ਤਾਂ ਪਤਾ ਲਗਦਾ ਹੀ ਹੈ ਕਿ ਉਹ ਸਿੱਧ ਪੱਧਰਾ ਜਾਂ ਘਟਨਾਵਾਂ ਤੋਂ ਅਣਜਾਣ ਵਿਅਕਤੀ ਨਹੀਂ ਅਤੇ ਨਾ ਹੀ ਕੰਨਾਂ ਦਾ ਕੱਚਾ ਹੈ, ਨਾ ਹੀ ਉਸਨੂੰ ਕੋਈ ਹਾਈਜੈੱਕ ਕਰ ਸਕਦਾ ਹੈ। ਉਸ ਨੂੰ ਪਤਾ ਹੈ ਕਿ ਉਸ ਦੇ ਵਿਰੁੱਧ ਕਿੱਥੇ ਘੁਸਰ-ਮੁਸਰ ਹੋ ਰਹੀ ਹੈ,ਪਰ ਕੌੜੇ ਮਿੱਠੇ ਤਜਰਬਿਆਂ ਨਾਲ ਉਸ ਅੰਦਰ ਧੀਰਜ,ਠਰੰਮਾ ਤੇ ਸਹਿਜ ਆ ਰਿਹਾ ਹੈ ।ਇਸ ਤਬਦੀਲੀ ਨੂੰ ਉਹ ਸਵੀਕਾਰ ਵੀ ਕਰਦਾ ਹੈ।

ਅਜੇ ਇਹ ਸਵਾਲ ਜਿਉਂ ਦੇ ਤਿਉਂ ਖੜ੍ਹੇ ਹਨ ਕਿ ਢਾਂਚੇ ਨੂੰ ਉਸਾਰਨ,ਬੁਨਿਆਦ ਨੂੰ ਮਜ਼ਬੂਤ ਕਰਨ ਅਤੇ ਇਸ ਦਾ ਘੇਰਾ ਵਧਾਉਣ ਵਿਚ ਕਿਹੜੀ ਯੋਜਨਾ ਹੈ ? ਕੀ ਬਹੁਤੇ ਫਰੰਟ ਖੋਲ੍ਹਣ ਨਾਲ ਸਾਡੀ ਕੀਮਤੀ ਊਰਜਾ ਵਿੱਚ ਖਿੰਡਾਅ ਤਾਂ ਨਹੀਂ ਆਏਗਾ ?ਜੇ ਅੰਮ੍ਰਿਤਪਾਲ ਸਿੰਘ ਉੱਤੇ ਸਰਕਾਰ ਕਿਸੇ ਵੀ ਬਹਾਨੇ ਵਾਰ ਕਰਦੀ ਹੈ ਤਾਂ ਉਸ ਤੋਂ ਪਿੱਛੋਂ ਸੰਘਰਸ਼ ਦੀ ਵਾਗਡੋਰ ਕੌਣ ਸੰਭਾਲੇਗਾ ? ਜਿਵੇਂ ਦੁਸ਼ਮਣਾਂ ,ਵਿਰੋਧੀਆਂ ਤੇ ਸ਼ਰੀਕਾਂ ਨੇ ਮੌਕਾ ਮਿਲਦਿਆਂ ਹੀ ਥਾਂ ਥਾਂ "ਆਪਣੀਆਂ ਵਾਰੀਆਂ" ਸੰਭਾਲ ਲਈਆਂ ਹਨ,ਉਨ੍ਹਾਂ ਦਾ ਸਾਹਮਣਾ ਕਰਨ ਲਈ ਕੀ ਕੋਈ ਟੀਮ ਤਿਆਰ ਕੀਤੀ ਗਈ ਹੈ ?ਪੰਜਾਬ ਅੰਦਰ ਸਿੱਖ ਕੌਮ ਦੀ ਆਬਾਦੀ ਘਟਾਉਣ ਲਈ ਹੋ ਰਹੇ ਵਿਉਂਤਬੱਧ ਯਤਨਾਂ ਨੂੰ ਠੱਲ੍ਹ ਪਾਉਣ ਲਈ ਕੀ ਹਿਮਾਚਲ ਜਾਂ ਹੋਰਨਾਂ ਰਾਜਾਂ ਵਿੱਚ ਬਣੇ ਕਾਨੂੰਨਾਂ ਦੀ ਤਰਜ਼ 'ਤੇ ਪੰਜਾਬ ਸਰਕਾਰ ਨੂੰ ਵੀ ਕਾਨੂੰਨ ਬਣਾਉਣ ਲਈ ਕੋਈ ਮੁਹਿੰਮ ਚਲਾਉਣ ਦੀ ਗੱਲ ਅੰਮ੍ਰਿਤਪਾਲ ਸਿੰਘ ਦੇ ਏਜੰਡੇ ਵਿੱਚ ਸ਼ਾਮਲ ਹੈ ? ਬੁਧੀਜੀਵੀਆਂ ਅਤੇ ਇਤਿਹਾਸਕਾਰਾਂ ਦੇ ਹਲਕਿਆਂ ਵਿੱਚ ਹੋ ਰਹੇ ਸਵਾਲਾਂ ਦਾ ਜਵਾਬ ਵੀ ਉਨ੍ਹਾਂ ਨੇ ਦੇਣਾ ਹੈ ਕਿ ਉਹ ਇਨ੍ਹਾਂ ਦੇ ਰੋਲ ਨੂੰ ਘਟਾ ਕੇ ਕਿਉਂ ਵੇਖ ਰਹੇ ਹਨ ?

ਇਹ ਪੁੱਛੇ ਜਾਣ ਉੱਤੇ ਕਿ ਉਹ ਆਉਣ ਸਾਰ ਤੱਤੀਆਂ ਗੱਲਾਂ ਕਿਉਂ ਕਰਨ ਲੱਗ ਪਏ ?ਉਸ ਦਾ ਜੁਆਬ ਸੀ ਕਿ ਚੜ੍ਹ ਕੇ ਬੋਲਣਾ (offensive) ਸਮੇਂ ਦੀ ਲੋੜ ਸੀ। ਕੌਮ ਨੂੰ ਡਰ ਤੋਂ ਮੁਕਤ ਵੀ ਤਾਂ ਕਰਨਾ ਸੀ ।ਜੇ ਮੈਂ ਡਿਫੈਂਸਿਵ ਹੋ ਕੇ ਚਲਦਾ ਤਾਂ ਸਰਕਾਰ ਨੇ ਆਪਣੇ ਬੇਅੰਤ ਸਾਧਨਾਂ ਤੇ ਸੋਮਿਆਂ ਨਾਲ ਸਾਨੂੰ ਕੁਚਲਣ ਦੀ ਕੋਸ਼ਿਸ਼ ਕਰਨੀ ਸੀ। ਵਿਰੋਧੀਆਂ ਨੂੰ ਤਾਂ ਬਹਾਨਾ ਹੀ ਚਾਹੀਦਾ ਹੈ,ਤਾਕਤ ਨੂੰ ਨੀਤੀ ਨਾਲ ਵੀ ਹਰਾਉਣਾ ਪੈਣਾ ਹੈ ਅਤੇ ਲੋੜ ਪੈਣ ਉਤੇ ਤਾਕਤ ਦਾ ਤਾਕਤ ਨਾਲ ਮੁਕਾਬਲਾ ਵੀ ਕਰਨਾ ਹੈ। ਉਹ ਸਵਾਲ ਕਰਦਾ ਹੈ ਤੇ ਪੁੱਛਦਾ ਵੀ ਹੈ ਕਿ "ਆਖਿਰਕਾਰ ਇਹ ਕਿਰਪਾਨ ਗੰਢੇ ਚੀਰਨ ਲਈ ਹੀ ਤਾਂ ਨਹੀਂ ਰੱਖੀ ਗਈ ?ਉਸ ਨੂੰ ਗੁੱਸਾ ਵੀ ਇਸੇ ਗੱਲ ਦਾ ਹੈ ਕਿ ਸੰਘਰਸ਼ ਦੇ ਇਸ ਤਾਕਤਵਰ ਪੱਖ ਨੂੰ ਅਸੀਂ ਅਣਗੌਲਿਆ ਕੀਤਾ ਹੋਇਆ ਹੈ ਜਿਸ ਦਾ ਨਤੀਜਾ ਉਨ੍ਹਾਂ ਦੇ ਆਪਣੇ ਲਫ਼ਜ਼ਾਂ ਮੁਤਾਬਿਕ ਅਸੀਂ ਆਪਣੀ ਹੀ ਧਰਤੀ 'ਤੇ ਹਰ ਰੋਜ਼ ਛਿਤਰ ਖਾ ਰਹੇ ਹਾਂ ।ਅੰਮ੍ਰਿਤਪਾਲ ਰੋਸ ਤੇ ਰੋਹ ਨੂੰ ਖ਼ਾਲਸਈ ਚੇਤਨਾ ਦਾ ਹਿੱਸਾ ਬਣਾ ਰਿਹਾ ਜਾਪਦਾ ਹੈ ।ਉਸ ਨੇ ਪੰਜਾਬੀਆਂ ਅੰਦਰ ਪੰਜਾਬ ਲਈ ਇਕ ਸਾਂਝੀ ਪਿਆਸ ਤਾਂ ਪੈਦਾ ਕਰ ਹੀ ਦਿੱਤੀ ਹੈ ।ਇਉਂ ਲਗਦਾ ਹੈ ਹੁਣ ਜਾਗਣ ਦਾ ਜਜ਼ਬਾ ਜਥੇਬੰਦ ਹੋਣ ਲਈ ਤਰਸ ਰਿਹਾ ਹੈ ।ਉਹ ਆਪਣੇ ਸ਼ਬਦਾਂ ਨਾਲ ਹਰ ਕਿਸਮ ਦੀ ਖੜੋਤ ਨੂੰ ਤੋੜਦਾ ਹੈ,ਹਾਜ਼ਰ ਜਵਾਬੀ ਨਾਲ ਸਥਾਪਤ ਬਿਰਤਾਂਤਾਂ ਨੂੰ ਲੋੜ ਪੈਣ 'ਤੇ ਬੇਰਹਿਮੀ ਨਾਲ ਭੰਨ ਦੇਣ ਵਿੱਚ ਕਾਮਯਾਬ ਹੋਇਆ ਹੈ ।ਦੀਪ ਸਿੱਧੂ ਦੇ ਵੰਨ ਸੁਵੰਨੇ ਸੰਘਰਸ਼ ਅਤੇ ਚੇਤਨਾ ਦੇ ਪ੍ਰਕਾਸ਼ ਨੇ ਅੰਮ੍ਰਿਤਪਾਲ ਸਿੰਘ ਦੇ ਰਾਹ ਨੂੰ ਕਾਫ਼ੀ ਪੱਧਰਾ ਅਤੇ ਆਸਾਨ ਵੀ ਕੀਤਾ ਹੈ। ਸਿਮਰਨਜੀਤ ਸਿੰਘ ਮਾਨ ਜਿਵੇਂ ਨੱਕ ਦੀ ਸੇਧ 'ਤੇ ਲਗਾਤਾਰ ਖ਼ਾਲਿਸਤਾਨ ਦੇ ਸੰਘਰਸ਼ ਅਤੇ ਨਿਸ਼ਾਨੇ ਉੱਤੇ ਕਰੜਾ ਪਹਿਰਾ ਦੇ ਰਿਹਾ ਹੈ,ਉਸ ਦੇ ਇਸ ਦ੍ਰਿੜ੍ਹ ਇਰਾਦੇ ਨੇ ਵੀ ਉਸ ਨੂੰ ਅੱਗੇ ਵਧਣ ਦਾ ਹੌਸਲਾ ਦਿੱਤਾ ਹੈ।

ਕਰਾਮਾਤ ਜਾਂ ਚਮਤਕਾਰ ਕੀ ਹੁੰਦੇ ਹਨ ?ਇਹ ਕਦੋਂ ਵਾਪਰਦੇ ਹਨ ?ਕਿਵੇਂ ਵਾਪਰਦੇ ਹਨ ? ਇਨ੍ਹਾਂ ਸਵਾਲਾਂ ਦੇ ਢੁੱਕਵੇਂ ਤੇ ਫ਼ੈਸਲਾਕੁਨ ਜਵਾਬ ਕਿਸੇ ਵੀ ਸਮਾਜ ਵਿਗਿਆਨ ਕੋਲ ਨਹੀਂ ਹੁੰਦੇ। ਇਤਿਹਾਸ ਦੀ ਪਕੜ ਵਿੱਚ ਵੀ ਨਹੀਂ ਆਉਂਦੇ ਅਤੇ ਨਾ ਹੀ ਸਟੇਟ ਨੂੰ ਪਤਾ ਲੱਗਦਾ ਹੈ ਕਿ ਸਿੱਖ ਕੌਮ ਦੇ ਅੰਦਰ ਕੀ ਰਿੱਝ ਪੱਕ ਰਿਹਾ ਹੈ। ਇਹ ਹਾਲਤ ਸੱਚਮੁੱਚ ਬੇਸ਼ਬਦ,ਭੇਤਭਰੀ,ਅਤੇ ਰਹੱਸਮਈ ਹੁੰਦੀ ਹੈ ਅਤੇ ਇਕ ਉੱਘੇ ਮਨੋਵਿਗਿਆਨੀ ਮੁਤਾਬਕ ਖ਼ਤਰਨਾਕ ਵੀ। ਕਿਸ ਨੂੰ ਪਤਾ ਸੀ ਕਿ ਅੰਮ੍ਰਿਤਪਾਲ ਸਿੰਘ ਅਚਾਨਕ ਆਵੇਗਾ ਅਤੇ ਯਕਲਖਤ ਹੇਠਾਂ ਤੋਂ ਉਪਰ ਤਕ ਹਾਲਾਤ ਬਦਲ ਜਾਣਗੇ। ਜਿਹੜੇ ਘੇਸਲ ਮਾਰ ਕੇ ਚਿਰਾਂ ਤੋਂ ਸੁੱਤੇ ਹੋਏ ਸਨ ਉਹ ਜਾਗ ਉੱਠਣਗੇ ਅਤੇ ਝੰਜੋੜੇ ਜਾਣਗੇ ।ਕਿਸ ਨੂੰ ਪਤਾ ਸੀ ਕਿ ਉਸ ਦੀ ਇੱਕ ਆਵਾਜ਼ ਨਾਲ ਆਨੰਦਪੁਰ ਸਾਹਿਬ ਦੀ ਧਰਤੀ ਤੇ ਇੱਕੋ ਦਿਨ ਇੱਕ ਹਜ਼ਾਰ ਤੋਂ ਉੱਪਰ ਨੌਜਵਾਨਾਂ ਵਿੱਚ ਅੰਮ੍ਰਿਤ ਛਕਣ ਦੀ ਚਾਹਤ ਪੈਦਾ ਹੋ ਜਾਏਗੀ ।ਕਿਸ ਨੂੰ ਪਤਾ ਸੀ ਕਿ ਉਹ ਅਚਾਨਕ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਬਣ ਜਾਏਗਾ ।ਕਿਸ ਨੂੰ ਪਤਾ ਸੀ ਕਿ ਜਦੋਂ ਉਹ ਬੋਲੇਗਾ ਤਾਂ ਉਨ੍ਹਾਂ ਬੋਲਾਂ ਨਾਲ ਆਜ਼ਾਦੀ ਦੀ ਰੀਝ ਨੂੰ ਨਵਾਂ ਬਲ ,ਨਵੀਂ ਸ਼ਕਤੀ,ਨਵਾਂ ਜਜ਼ਬਾ ਅਤੇ ਨਵੀਂ ਸੇਧ ਮਿਲੇਗੀ। ਕਿਉਂ ਹਜ਼ਾਰਾਂ ਲੋਕ ਉਸ ਦੀ ਲੰਮੀ ਉਮਰ ਅਤੇ ਚੜ੍ਹਦੀ ਕਲਾ ਲਈ ਅਰਦਾਸਾਂ ਕਰ ਰਹੇ ਹਨ ?ਕੀ ਤੁਸਾਂ ਦੇਖਿਆ ਨਹੀਂ ਕਿ ਕਿਵੇਂ ਚੈਨਲ, ਅਖ਼ਬਾਰਾਂ ਤੇ ਸਰਕਾਰਾਂ ਨੂੰ ਵੀ ਚਿੰਤਾ ਲੱਗੀ ਰਹਿੰਦੀ ਹੈ ਕਿ ਇਹ ਕੌਣ ਆ ਗਿਆ ਹੈ ਜਿਸ ਨੇ ਅਚਾਨਕ ਸਾਡੀ ਸ਼ਾਂਤੀ ਨੂੰ ਭੰਗ ਕਰ ਦਿੱਤਾ ਹੈ।ਕੀ ਇਉਂ ਨਹੀਂ ਲੱਗਦਾ ਕਿ ਵੰਨ ਸੁਵੰਨੇ ਵਿਦਵਾਨ ਅਤੇ ਚੈਨਲਾਂ ਤੇ ਵਿਸ਼ੇਸ਼ ਤੌਰ ਤੇ ਲਿਆਂਦੇ ਜਾ ਰਹੇ ਪੱਤਰਕਾਰ ਜਦੋਂ ਅਚਾਨਕ ਉਠੇ ਇਸ ਵਰਤਾਰੇ ਬਾਰੇ ਕੰਨ ਪਾੜਦੇ ਹੋਏ ਬੋਲਦੇ ਹਨ ਤਾਂ ਧੁਰ ਅੰਦਰ ਤੋਂ ਕਿੰਨੇ ਖ਼ਾਲੀ ਲੱਗਦੇ ਹਨ ।ਇਨ੍ਹਾਂ ਵਿਦਵਾਨਾਂ ਨੂੰ ਇਹ ਖ਼ਬਰ ਹੀ ਨਹੀਂ ਕਿ ਜਿਹੜੇ ਰਾਜਨੀਤਕ ਪਾਣੀਆਂ ਨਾਲ ਇਹ ਆਪਣੇ ਬੌਧਿਕ ਜਹਾਜ਼ ਨੂੰ ਸੰਭਾਲਦੇ ਹਨ,ਉਹੀ ਪਾਣੀ ਇਨ੍ਹਾਂ ਨੂੰ ਇਕ ਦਿਨ ਡੋਬ ਵੀ ਦੇਣਗੇ। ਉੱਚੀ ਸੁਰ ਵਿੱਚ ਬੋਲਣ ਵਾਲੇ ਇਨ੍ਹਾਂ ਵਿਦਵਾਨਾਂ ਨੂੰ ਕੋਈ ਜਣਾ ਸਮਝਾਏਗਾ ਕਿ ਮੱਖੀਆਂ ਦੇ ਖੰਘਣ ਨਾਲ ਧਰਤੀ ਨਹੀਂ ਕੰਬਦੀ ।ਜਲੂਪੁਰ ਖੇੜਾ ਪਿੰਡ ਵਿੱਚ ਦਿਨ ਬਦਿਨ ਵਧ ਰਹੀਆਂ ਰੌਣਕਾਂ ਵੀ ਇਹੋ ਸੰਦੇਸ਼ ਦੇ ਰਹੀਆਂ ਹਨ। ••

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸੁਖਬੀਰ ਬਾਦਲ, ਡਾ. ਦਲਜੀਤ ਸਿੰਘ ਚੀਮਾ ਅਤੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਵੱਲੋਂ

# ਸ. ਹਰਦੇਵ ਸਿੰਘ ਮੱਤੇਵਾਲ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਮੂਲੀਅਤ







**ਚੰਡੀਗੜ੍ਹ, 24 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ. ਸੁਖਬੀਰ ਸਿੰਘ ਜੀ ਬਾਦਲ (ਸਾਬਕਾ ਉਪ ਮੁੱਖ ਮੰਤਰੀ ਪੰਜਾਬ), ਡਾ. ਦਲਜੀਤ ਸਿੰਘ ਚੀਮਾ ਅਤੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਵੱਲੋਂ ਪੰਜਾਬ ਦੇ ਸਾਬਕਾ ਐਡਵੋਕੇਟ ਜਰਨਲ ਸ. ਹਰਦੇਵ ਸਿੰਘ ਮੱਤੇਵਾਲ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਮੂਲੀਅਤ ਕਰਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸ. ਮੱਤੇਵਾਲ ਸਾਬ੍ਹ ਕਾਨੂੰਨੀ ਮਾਮਲਿਆਂ ਦੇ ਮਾਹਿਰ ਅਤੇ ਸਤਿਕਾਰਤ ਸ਼ਖ਼ਸੀਅਤ ਸਨ, ਉਨ੍ਹਾਂ ਵੱਲੋਂ ਅਹਿਮ ਅਹੁਦਿਆਂ 'ਤੇ ਨਿਭਾਈਆਂ ਗਈਆਂ ਸੇਵਾਵਾਂ ਕਰਕੇ ਹਮੇਸ਼ਾਂ ਉਨ੍ਹਾਂ ਨੂੰ ਯਾਦ ਰੱਖਿਆ ਜਾਵੇਗਾ। ਪ੍ਰਮਾਤਮਾ ਵਿੱਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰੇ।

ਅੱਜ ਬਰਸੀ 'ਤੇ ਵਿਸ਼ੇਸ਼

# ਜਦੋਂ ਤੁਹਾਡੀ ਸ਼ਹਾਦਤ ਦੀ ਖਬਰ ਰੇਡੀਓ ਤੋਂ ਮਿਲੀ...

ਵੱਡੇ ਭਾਜੀ !

ਤੇਰੇ ਵਿਛੋੜੇ ਤੋਂ ਬਾਦ ਜਿੰਦਗੀ ਦੇ ਸਫਰ ਵਿੱਚ ਪੈਰ ਪੈਰ 'ਤੇ ਤੇਰੀ ਬੜੀ ਕਮੀ ਮਹਿਸੂਸ ਹੋਈ।

ਤੇਰਾ ਰੌਸ਼ਨ ਦਿਮਾਗ ਹੋਣਾ ਹੀ ਤੇਰਾ ਦੁਸ਼ਮਣ ਬਣ ਗਿਆ।

ਤੇਰੀ ਪੰਥ ਤੇ ਸੰਘਰਸ਼ ਨੂੰ ਸਮਰਪਣ ਦੀ ਭਾਵਨਾ ਨੇ ਹੀ ਤੈਨੂੰ ਮਹਾਪੁਰਸ਼ਾਂ ਬਾਬਾ ਜਰਨੈਲ ਭਿੰਡਰਾਂਵਾਲਿਆਂ ਦੀਆਂ ਅੱਖਾਂ ਦਾ ਤਾਰਾ ਬਣਾ ਦਿੱਤਾ ਸੀ।



ਤੇਰਾ ਉਹ ਡਾਇਲਾਗ ਮੈਨੂੰ ਅੱਜ ਵੀ ਚੇਤੇ ਹੈ ਕਿ,

"ਆਪਣੇ ਮਿਸ਼ਨ ਵਿੱਚ ਅੱਗੇ ਵੱਧਣ ਲਈ ਐਕਸ਼ਨ ਕਰੋ ਐਕਸ਼ਨ 'ਚੋਂ ਹੀ ਰਿਐਕਸ਼ਨ ਹੁੰਦਾ ਹੈ ਤੇ ਰਿਐਕਸ਼ਨ 'ਚੋਂ ਬਲ ਮਿਲਦਾ ਹੈ ਤੇ ਮਿਸ਼ਨ ਅੱਗੇ ਵਧਦਾ ਹੈ।"

24 ਜਨਵਰੀ 1990 ਨੂੰ ਮੈਂ ਤਿਹਾੜ ਜੇਲ ਦਿੱਲੀ ਵਿੱਚ ਬੰਦ ਸੀ, ਜਦੋਂ ਤੁਹਾਡੀ ਸ਼ਹਾਦਤ ਦੀ ਖਬਰ ਰੇਡੀਓ ਤੋਂ ਮਿਲੀ। ਤੁਸੀਂ ਆਪਣੇ ਸਾਥੀਆਂ ਤੇ ਕੌਮਪ੍ਰਸ਼ਤਾਂ ਦੇ ਚੇਤਿਆਂ ਵਿੱਚ ਹਮੇਸ਼ਾਂ ਰਹੋਗੇ।

ਤੁਹਾਡਾ ਛੋਟਾ ਵੀਰ......

**ਵਿਰਸਾ ਸਿੰਘ ਵਲਟੋਹਾ**

# ਪਿੰਡ ਸਕੱਤਰਾ ਵਿਖੇ ਸ਼੍ਰੀ ਗੁਰੂ ਅਮਰਦਾਸ ਜੀ ਦਾ ਵਿਆਹ ਪੁਰਬ ਸਬੰਧੀ ਲਗਾਇਆ ਫਰੀ ਮੈਡੀਕਲ ਕੈਂਪ

**ਸ੍ਰੀ ਅੰਮ੍ਰਿਤਸਰ ਸਾਹਿਬ, 23 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਤਹਿਸੀਲ ਖੇਮਕਰਨ ਦੇ ਪਿੰਡ ਸਕੱਤਰਾ ਵਿਖੇ ਹਰ ਸਾਲ ਦੀ ਤਰ੍ਹਾਂ ਸ਼੍ਰੀ ਗੁਰੂ ਅਮਰਦਾਸ ਸਾਹਿਬ ਜੀ ਅਤੇ ਮਾਤਾ ਮਨਸਾ ਦੇਵੀ ਜੀ ਦੇ ਮਨਾਏ ਜਾ ਰਹੇ ਵਿਆਹ ਪੁਰਬ ਸਬੰਧੀ ਇਤਿਹਾਸਿਕ ਅਸਥਾਨ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ, ਨਗਰ ਸਕੱਤਰਾ ਵਿਖੇ ਆਨੰਦ ਹਸਪਤਾਲ ਭਿੱਖੀਵਿੰਡ ਵੱਲੋਂ ਵਿਸ਼ਾਲ ਖੂਨ ਦਾਨ ਕੈਂਪ ਅਤੇ ਫਰੀ ਮੈਡੀਕਲ ਕੈਂਪ ਲਗਾਇਆ ਗਿਆ। ਜਾਣਕਾਰੀ ਦਿੰਦੇ ਹੋਏ ਐਮ.ਡੀ ਡਾ: ਨੀਰਜ ਮਲਹੋਤਰਾ ਨੇ ਦੱਸਿਆ ਕਿ ਆਨੰਦ ਹਸਪਤਾਲ ਭਿੱਖੀਵਿੰਡ ਵੱਲੋਂ ਅੱਜ ਪਿੰਡ ਸਕੱਤਰਾਂ ਵਿਖੇ ਵਿਸ਼ਾਲ ਖੂਨਦਾਨ ਕੈਂਪ ਅਤੇ ਲੋੜਵੰਦ ਮਰੀਜ਼ਾਂ ਲਈ ਫਰੀ ਮੈਡੀਕਲ ਕੈਂਪ ਵੀ ਲਗਾਇਆ ਗਿਆ ਹੈ ਜਿੱਥੇ ਵੱਡੀ ਤਾਦਾਦ ਚ ਸੰਗਤਾਂ ਵੱਲੋਂ ਬਲੱਡ ਡੋਨੇਟ ਕੀਤਾ ਗਿਆ ਅਤੇ ਲੋੜਵੰਦ ਮਰੀਜ਼ਾਂ ਨੂੰ ਚੈੱਕ ਅਪ ਕਰਨ ਉਪਰੰਤ ਫਰੀ ਦਵਾਈਆਂ ਵੀ ਦਿੱਤੀਆਂ ਗਈਆਂ ਹਨ ਅਤੇ ਬਲੱਡ ਡੋਨੇਟ ਕਰਨ ਵਾਲਿਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਡਾਕਟਰ ਗੁਰਪ੍ਰੀਤ ਸਿੰਘ ਬੱਬੂ ਡੱਲ, ਡਾਕਟਰ ਮਲਕੀਤ ਸਿੰਘ ਚੀਮਾ, ਡਾਕਟਰ ਗੁਰਵਿੰਦਰ ਸਿੰਘ ਬਿੱਕਾ, ਡਾਕਟਰ ਗੁਰਪ੍ਰੀਤ ਸਿੰਘ ਲੱਧੂ, ਡਾਕਟਰ ਰਣਜੀਤ ਸਿੰਘ ਸਕੱਤਰਾ, ਡਾਕਟਰ ਜਗਵਿੰਦਰ ਸਿੰਘ ਜੱਗਾ ਭਾਰਤ ਲੈਬ ਅਮਰਕੋਟ, ਹਰਜੀਤ ਸਿੰਘ ਸਾਬਕਾ ਸਰਪੰਚ ਕਾਲੀਆ, ਤਜਿੰਦਰਪਾਲ ਸਿੰਘ ਸੋਨਾ ਕਾਲੀਆ, ਮਨਜੀਤ ਸਿੰਘ ਗੱਬਰ, ਸੁਰਜਨ ਸਿੰਘ ਸਾਬਕਾ ਸਰਪੰਚ ਸਕੱਤਰਾ, ਗੁਰਦੁਆਰਾ ਪ੍ਰਬੰਧਕ ਬਾਬਾ ਨੀਟਾ ਜੀ, ਜੋਤੀ, ਰਿਤਿਕਾ, ਜਸਪ੍ਰੀਤ ਆਦਿ ਹਾਜਰ ਸਮੂਹ ਪ੍ਰਬੰਧਕ ਅਤੇ ਸੰਗਤਾਂ ਹਾਜ਼ਰ ਸਨ।




# ਭਾਰਤੀ ਸੰਵਿਧਾਨ ਨੇ ਖੋਹੇ ਸਾਡੇ ਹੱਕ, 26 ਜਨਵਰੀ ਦੇ ਜਸ਼ਨਾਂ ਦਾ ਬਾਈਕਾਟ ਕਰਨ ਸਿੱਖ

## ਸਿੱਖਾਂ ਦੀ ਵਫ਼ਾਦਾਰੀ ਅਕਾਲ ਤਖ਼ਤ ਨਾਲ਼ ਹੈ, ਦਿੱਲੀ ਤਖ਼ਤ ਨਾਲ਼ ਨਹੀਂ




26 ਜਨਵਰੀ 1950 ਨੂੰ ਭਾਰਤ ਨੇ ਅੰਤਰ-ਰਾਸ਼ਟਰੀ ਭਾਈਚਾਰੇ 'ਚ ਆਪਣੀ ਹੋਂਦ ਨੂੰ ਪੱਕਿਆਂ ਕਰਦਿਆਂ ਫੈਡਰਲ ਢਾਂਚੇ ਦੀ ਬਜਾਇ ਕੇਂਦਰ ਨੂੰ ਮਜ਼ਬੂਤ ਕਰਦਾ ਢਾਂਚਾ ਲਾਗੂ ਕਰਕੇ ਘੱਟ-ਗਿਣਤੀ ਕੌਮਾਂ ਅਤੇ ਖੇਤਰੀ ਲੋਕਾਂ ਨੂੰ ਭਾਰਤੀਅਤਾ ਦੇ ਸਮੁੰਦਰ ਵਿੱਚ ਜਜ਼ਬ ਕਰ ਲੈਣ ਦੀ ਕਵਾਇਦ ਸ਼ੁਰੂ ਕਰ ਦਿੱਤੀ। ਸਿੱਖਾਂ ਨੇ ਇਸ ਖਿੱਤੇ ਵਿੱਚ ਆਪਣਾ ਸਫ਼ਰ ਭਾਰਤੀ ਸੰਵਿਧਾਨ ਨੂੰ ਨਾ-ਮਨਜ਼ੂਰ ਕਰਕੇ ਅਰੰਭ ਕੀਤਾ, ਕਿਉਂਕਿ ਇਹ ਸੰਵਿਧਾਨ ਉਹਨਾਂ ਨਾਲ਼ ਧੋਖਾ ਸੀ ਅਤੇ ਬਾਅਦ ਦੇ ਸਾਲਾਂ ਦੌਰਾਨ ਭਾਰਤੀ ਸਟੇਟ ਵੱਲੋਂ ਸਿੱਖਾਂ ਨਾਲ਼ ਕੀਤੇ ਧੱਕੇ, ਵਤੀਰੇ, ਜ਼ੁਲਮਾਂ, ਬੇਇਨਸਾਫ਼ੀਆਂ ਅਤੇ ਵਾਪਰੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ।

ਸਿੱਖ ਕੌਮ ਦੇ ਪ੍ਰਤੀਨਿਧ ਹੋਣ ਦੇ ਨਾਤੇ ਅੱਜ ਅਸੀਂ ਮੁੜ ਦੁਹਰਾਉਂਦੇ ਹਾਂ ਕਿ ਸਿੱਖ ਇੱਕ ਵੱਖਰੀ ਕੌਮ ਹੈ ਅਤੇ ਸਿੱਖ ਦਿੱਲੀ ਤਖ਼ਤ ਦੇ ਗਲਬੇ ਨੂੰ ਨਹੀਂ ਕਬੂਲਦੇ। ਸਾਡੀ ਵਫ਼ਾਦਾਰੀ ਅਤੇ ਆਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖੀ ਸਿਧਾਂਤਾਂ ਨਾਲ਼ ਮੁਕੰਮਲ ਰੂਪ ਵਿੱਚ ਜੁੜੀ ਹੋਈ ਹੈ। ਕੋਈ ਵੀ ਦੁਨਿਆਵੀ ਤਾਕਤ, ਸਿੱਖ ਵਿਸ਼ਵਾਸਾਂ, ਸਿੱਖ ਜਜ਼ਬੇ ਤੇ ਸਿੱਖੀ ਸਿਦਕ ਨੂੰ ਕਮਜ਼ੋਰ ਨਹੀਂ ਕਰ ਸਕਦੀ, ਭਾਰਤ ਤਾਂ ਬਿਲਕੁਲ ਵੀ ਨਹੀਂ ਜਿਸ ਨੇ ਸਿੱਖਾਂ ਨਾਲ਼ ਦੁਰਵਿਹਾਰ ਕੀਤਾ, ਸਾਡੀ ਅੱਡਰੀ ਪਛਾਣ ਖੋਹੀ, ਹਿੰਦੂ ਕਨੂੰਨ ਸਾਡੇ ਉੱਤੇ ਥੋਪੇ, ਸਾਡੇ ਉੱਤੇ ਹਿੰਦੂ ਧਰਮ ਦਾ ਅੰਗ ਹੋਣ ਦਾ ਲੇਬਲ ਲਾਇਆ, ਦਰਬਾਰ ਸਾਹਿਬ ਦੀ ਬੇਹੁਰਮਤੀ ਕੀਤੀ ਅਤੇ ਅੱਜ ਵੀ ਸਾਡੇ ਧਰਮ ਦੇ ਬੁਨਿਆਦੀ ਢਾਂਚੇ ਵਿੱਚ ਘੁਸਪੈਠ ਕਰ ਰਿਹਾ ਹੈ।

ਸਿੱਖਾਂ ਅਤੇ ਪੰਜਾਬੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸੰਵਿਧਾਨਕ ਮੱਦਾਂ ਲਗਾਤਾਰ ਸਾਨੂੰ ਠਿੱਠ ਕਰ ਰਹੀਆਂ ਹਨ। ਅੱਜ ਜਦੋਂ ਅਸੀਂ ਪੰਜਾਬ 'ਚ ਤਰੱਕੀ ਅਤੇ ਖੁਸ਼ਹਾਲੀ ਦੀਆਂ ਗੱਲਾਂ ਕਰ ਰਹੇ ਹਾਂ ਤਾਂ ਅਸੀਂ ਪੁੱਛਦੇ ਹਾਂ ਕਿ ਰਾਇਪੇਰੀਅਨ ਸਿਧਾਂਤ ਅਤੇ ਸੰਵਿਧਾਨ ਦੀ ਭਾਵਨਾ ਦੇ ਉਲ਼ਟ ਜਾ ਕੇ ਪੰਜਾਬ ਦਾ ਪਾਣੀ ਕਿਉਂ ਲੁੱਟਿਆ ਜਾ ਰਿਹਾ ਹੈ ? ਕਿਉਂ ਸਿੱਖਾਂ ਨੂੰ ਸੰਵਿਧਾਨ ਦੀ ਧਾਰਾ 25 (ਬੀ-2) ਤਹਿਤ ਹਿੰਦੂ ਧਰਮ ਦਾ ਅੰਗ ਦਰਸਾਇਆ ਜਾ ਰਿਹਾ ਹੈ ? ਸਿੱਖ ਆਪਣਾ ਜੰਮਣ, ਮਰਨ, ਵਿਆਹ ਅਤੇ ਦੂਜੇ ਕਾਰ-ਵਿਹਾਰ ਹਿੰਦੂ ਕਨੂੰਨਾਂ ਅਨੁਸਾਰ ਕਿਉਂ ਦਰਜ ਕਰਵਾਉਣ ? ਉਹਨਾਂ ਨੂੰ ਬੁਨਿਆਦੀ ਹੱਕਾਂ ਤੋਂ ਕਿਉਂ ਵਾਂਝਾ ਰੱਖਿਆ ਗਿਆ ਹੈ ?

ਇਹਨਾਂ ਪਿਛਲੇ ਸਾਲਾਂ ਵਿੱਚ ਸਿੱਖਾਂ ਦੀਆਂ ਤਮਾਮ ਕੋਸ਼ਿਸ਼ਾਂ, ਉਹਨਾਂ ਵੱਲੋਂ ਲੜੇ ਸੰਘਰਸ਼ ਦੇ ਬਾਵਜੂਦ ਸਿੱਖ ਸਮੱਸਿਆ ਦਾ ਕੋਈ ਹੱਲ ਨਹੀਂ ਲੱਭਿਆ ਗਿਆ। ਜਿਸ ਕਾਂਗਰਸ ਨੇ ਲੰਮਾ ਸਮਾਂ ਦੇਸ਼ ਦੀ ਸੱਤਾ ਸੰਭਾਲੀ ਰੱਖੀ ਉਸ ਨੇ ਸਿੱਖ ਸਮੱਸਿਆਵਾਂ ਨੂੰ ਜਾਂ ਤਾਂ ਅਣਗੌਲਿਆ ਕਰੀ ਰੱਖਿਆ ਜਾਂ ਇਸ ਨੂੰ ਕਨੂੰਨ-ਵਿਵਸਥਾ ਦਾ ਮਸਲਾ ਬਣਾ ਕੇ ਸਿੱਖਾਂ ਦਾ ਸਰੀਰਕ ਘਾਣ ਕੀਤਾ।

ਹਿੰਦੂ ਕੱਟੜਪੰਥੀ ਆਗੂ ਨਰਿੰਦਰ ਮੋਦੀ ਵੀ ਕਾਂਗਰਸ ਦੇ ਰਾਹਾਂ ਉੱਤੇ ਚੱਲ ਰਿਹਾ ਹੈ ਤੇ ਸਿੱਖ ਕੌਮ ਅਤੇ ਪੰਜਾਬ ਦਾ ਦੋਖੀ ਬਣਿਆ ਹੋਇਆ ਹੈ। ਪਰ ਉਸ ਨੂੰ ਸਮਝਣਾ ਪਵੇਗਾ ਕਿ ਸਿੱਖ ਇਕ ਵੱਖਰਾ ਧਰਮ ਹੈ, ਸਿੱਖ ਇੱਕ ਵੱਖਰੀ ਕੌਮ ਹੈ, ਸਿੱਖ ਹਿੰਦੂ ਧਰਮ ਦਾ ਅੰਗ ਨਹੀਂ ਹਨ, ਸਿੱਖਾਂ ਨੂੰ ਆਪਣਾ ਵੱਖਰਾ 'ਪਰਸਨਲ ਲਾਅ' ਚਾਹੀਦਾ ਹੈ, ਪੰਜਾਬ ਦੇ ਅਸਲ ਵਾਰਸ ਸਿੱਖ ਹਨ, ਪੰਜਾਬ ਨੂੰ ਆਪਣੀ ਵੱਖਰੀ ਰਾਜਧਾਨੀ ਚਾਹੀਦੀ ਹੈ, ਪੰਜਾਬ ਨੂੰ ਆਪਣੇ ਪਾਣੀਆਂ ਦਾ ਮਾਲਕੀ ਹੱਕ ਚਾਹੀਦਾ ਹੈ। ਦੇਸ਼ ਦਾ ਚਿਹਰਾ ਭਾਵੇਂ ਨਰਿੰਦਰ ਮੋਦੀ ਹੋਵੇ, ਕੇਜਰੀਵਾਲ ਜਾਂ ਰਾਹੁਲ ਗਾਂਧੀ ਜਾਂ ਕੋਈ ਹੋਰ ਪਰ ਸਿੱਖਾਂ ਨਾਲ ਸੰਵਿਧਾਨਕ ਅਤੇ ਰਾਜ-ਪ੍ਰਣਾਲੀ ਰਾਹੀਂ ਕੀਤੀਆਂ ਜਾ ਰਹੀਆਂ ਬੇਇਨਸਾਫ਼ੀਆਂ ਅਤੇ ਵਧੀਕੀਆਂ ਖ਼ਤਮ ਹੋਣ। ਭਾਰਤ-ਪਾਕਿਸਤਾਨ ਵੰਡ ਮੌਕੇ ਭਾਰਤੀ ਆਗੂਆਂ ਵੱਲੋਂ ਵਾਅਦਿਆਂ ਤੋਂ ਮੁੱਕਰਨ ਅਤੇ ਧੋਖੇ ਕਰਨ ਦੀ ਲੰਮੀ ਅਤੇ ਅਫ਼ਸੋਸਨਾਕ ਕਹਾਣੀ ਦਾ ਅੰਤ ਹੋਣਾ ਚਾਹੀਦਾ ਹੈ।

ਪਿਛਲੇ ਕਈ ਦਹਾਕੇ ਸਿੱਖਾਂ ਨੇ ਦੁੱਖਾਂ, ਤਕਲੀਫਾਂ ਅਤੇ ਪੀੜਾਂ ਨਾਲ਼ ਭਰੇ ਲੰਘਾਏ ਹਨ। ਭਾਰਤੀ ਸੰਵਿਧਾਨ ਨੂੰ ਲਾਗੂ ਕਰਨ ਅਤੇ ਕਰਵਾਉਣ ਵਾਲ਼ਿਆਂ ਨੇ ਇਸ ਦੀ ਪਾਲਣਾ, ਸਦਾ ਹੀ ਆਪਣੇ ਮੁਫ਼ਾਦਾਂ ਦੀ ਪੂਰਤੀ ਅਤੇ ਘੱਟ-ਗਿਣਤੀ ਕੌਮਾਂ ਅਤੇ ਲੋਕਾਂ ਦੇ ਬੁਨਿਆਦੀ ਹੱਕ ਕੁਚਲਣ ਲਈ ਕੀਤੀ ਹੈ।

26 ਜਨਵਰੀ ਨੂੰ ਲਾਗੂ ਹੋਇਆ ਸੰਵਿਧਾਨ ਜਿੱਥੇ ਇੱਕ ਪਾਸੇ ਅਣਗਿਣਤ ਗ਼ੈਰ-ਪੰਜਾਬੀਆਂ ਨੂੰ ਪੰਜਾਬ ਵਿੱਚ ਆਉਣ ਤੇ ਪੱਕੇ ਤੌਰ 'ਤੇ ਵੱਸਣ ਦੀ ਇਜ਼ਾਜਤ ਦੇਂਦਾ ਹੈ, ਓਥੇ ਦੂਜੇ ਪਾਸੇ ਸਿੱਖਾਂ ਅਤੇ ਪੰਜਾਬੀਆਂ ਨੂੰ ਭਾਰਤ ਦੇ ਦੂਜੇ ਸੂਬਿਆਂ ਵਿੱਚ ਜ਼ਮੀਨ ਖਰੀਦਣ ਉੱਤੇ ਪਬੰਦੀ ਲਾਉਣ ਲਈ ਸਹਾਈ ਹੁੰਦਾ ਹੈ। ਗੁਜਰਾਤ ਦੇ ਸਿੱਖ ਕਿਸਾਨਾਂ ਦੇ ਉਜਾੜੇ ਦਾ ਖਤਰਾ, ਸਿੱਖਾਂ ਪ੍ਰਤੀ ਭਾਰਤੀ ਵਿਤਕਰੇ ਅਤੇ ਦੋਹਰੇ ਮਾਪਦੰਡ ਦੀ ਸਿੱਕੇਬੰਦ ਮਿਸਾਲ ਸੀ।

ਭਾਜਪਾ ਸਰਕਾਰ ਖੇਤੀ ਕਾਲ਼ੇ ਕਨੂੰਨਾਂ ਰਾਹੀਂ ਪੰਜਾਬ ਦੇ ਕਿਸਾਨਾਂ ਦੀ ਆਰਥਿਕਤਾ 'ਤੇ ਵੱਡਾ ਹਮਲਾ ਕਰ ਚੁੱਕੀ ਹੈ ਜਿਸ ਦੇ ਖ਼ਿਲਾਫ਼ ਸਿੱਖਾਂ ਨੇ ਵੱਡਾ ਸੰਘਰਸ਼ ਲੜਿਆ ਤੇ ਜਿੱਤਿਆ। ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਅਤੇ ਢੱਠੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਖ ਕਦੇ ਨਹੀਂ ਭੁੱਲਣਗੇ, ਸਿੱਖ ਨਸਲਕੁਸ਼ੀ ਅਤੇ ਝੂਠੇ ਪੁਲਿਸ ਮੁਕਾਬਲਿਆਂ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ, ਹੁਣ ਕੁਝ ਸਮਾਂ ਪਹਿਲਾਂ ਹੀ ਭਾਰਤ ਸਰਕਾਰ ਵਿਦੇਸ਼ਾਂ ਵਿੱਚ ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਹਰਦੀਪ ਸਿੰਘ ਨਿੱਝਰ, ਅਤੇ ਭਾਈ ਅਵਤਾਰ ਸਿੰਘ ਖੰਡਾ ਨੂੰ ਸ਼ਹੀਦ ਕਰਵਾ ਚੁੱਕੀ ਹੈ, ਭਾਈ ਗੁਰਪਤਵੰਤ ਸਿੰਘ ਪੰਨੂੰ ਨੂੰ ਵੀ ਮਾਰਨ ਦੀਆਂ ਕੋਸ਼ਿਸ਼ਾਂ ਹੋਈਆਂ ਹਨ। ਇਹ ਸੰਵਿਧਾਨ ਗ਼ੈਰ-ਕਨੂੰਨੀ ਗਤੀਵਿਧੀਆਂ ਰੋਕੂ ਐਕਟ, ਆਰਮਡ ਫ਼ੋਰਸਜ਼ ਸਪੈਸ਼ਲ ਪਾਵਰ ਐਕਟ ਅਤੇ ਗੜਬੜ ਗ੍ਰਸਤ ਇਲਾਕਾ ਕਨੂੰਨ ਵਰਗੇ ਕਾਲ਼ੇ ਕਨੂੰਨਾਂ ਨੂੰ ਲਾਗੂ ਕਰਨ ਦੀ ਮਨਜ਼ੂਰੀ ਦੇਂਦਾ ਹੈ। ਇਹ ਸਾਰੇ ਕਨੂੰਨ ਜਾਇਜ਼ ਰਾਜਸੀ ਗਤੀਵਿਧੀਆਂ ਅਤੇ ਵੱਖਰੇ ਵਿਚਾਰ ਰੱਖਣ ਵਾਲ਼ਿਆਂ ਨੂੰ ਦਬਾਉਣ, ਰਾਜਨੀਤਿਕ ਕਾਰਕੁੰਨਾਂ ਦੀ ਆਵਾਜ਼ ਬੰਦ ਕਰਨ ਅਤੇ ਹਜ਼ਾਰਾਂ ਹੀ ਸਿੱਖ, ਕਸ਼ਮੀਰੀ, ਨਾਗਾ, ਮੀਜ਼ੋ ਅਤੇ ਹੋਰ ਘੱਟ-ਗਿਣਤੀਆਂ ਨਾਲ਼ ਸਬੰਧਿਤ ਲੋਕਾਂ ਨੂੰ ਜੇਲ੍ਹਾਂ ਵਿੱਚ ਨਜ਼ਰਬੰਦ ਕਰਨ ਲਈ ਵਰਤੇ ਜਾ ਰਹੇ ਹਨ। ਇਹਨਾਂ ਕਨੂੰਨਾਂ ਦੀ ਛਤਰ-ਛਾਇਆ ਹੇਠ ਸੁਰੱਖਿਆ ਫ਼ੋਰਸਾਂ ਨੂੰ ਬਿਨਾਂ ਕਿਸੇ ਭੈਅ ਖੁੱਲ੍ਹ-ਖੇਡਣ ਦੀ ਛੁੱਟੀ ਮਿਲ਼ੀ ਹੋਈ ਹੈ। ਉਹ ਆਪਣੀਆਂ ਮੁਜ਼ਰਮਾਨਾ ਕਾਰਵਾਈਆਂ ਲਈ ਕਿਸੇ ਕਨੂੰਨ ਅੱਗੇ ਜਵਾਬਦੇਹ ਨਹੀਂ ਹਨ।

ਹਿੰਦੁਸਤਾਨ ਦੀ ਧੱਕੜ ਬਹੁ-ਗਿਣਤੀ ਨੇ 1950 ਵਿੱਚ ਮੁਲਕ 'ਤੇ ਇੱਕ ਅਜਿਹਾ ਸੰਵਿਧਾਨਕ ਇੰਤਜ਼ਾਮ ਠੋਸਿਆ, ਜਿਸ ਨੇ ਸਿੱਖਾਂ ਨੂੰ ਉਹਨਾਂ ਦੀ ਰਾਜਸੀ ਪਹਿਚਾਣ ਅਤੇ ਸੱਭਿਆਚਾਰਕ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ। ਅਸੀਂ ਮੁੜ ਦੁਹਰਾਉਂਦੇ ਹਾਂ ਕਿ ਸਿੱਖ ਇੱਕ ਵੱਖਰੀ ਕੌਮ ਹੈ ਅਤੇ ਸਿੱਖ ਕੌਮ ਆਪਣੀ ਕਿਸਮਤ ਦੀ ਮਾਲਕ ਵੀ ਆਪ ਹੀ ਹੈ। ਭਾਰਤ ਅਤੇ ਸਿੱਖ ਕੌਮ ਵਿਚਾਲੇ ਖਿੱਚੋਤਾਣ ਦਾ ਪੱਕਾ ਹੱਲ ਸਿੱਖਾਂ ਨੂੰ ਸਵੈ-ਨਿਰਣੇ ਦਾ ਹੱਕ ਦੇਣ ਅਤੇ ਉਸ ਨੂੰ ਲਾਗੂ ਕਰਨ ਨਾਲ਼ ਹੀ ਹੋਵੇਗਾ। ਅਸੀਂ ਸਿੱਖਾਂ ਨੂੰ ਅਪੀਲ ਕਰਦੇ ਹਾਂ ਕਿ ਉਹ 26 ਜਨਵਰੀ ਦੇ ਜਸ਼ਨਾਂ ਤੋਂ ਦੂਰ ਰਹਿਣ, ਇੱਥੇ ਸੰਵਿਧਾਨਕ ਬੇਇਨਸਾਫ਼ੀਆਂ ਅਤੇ ਧੱਕੇਸ਼ਾਹੀਆਂ ਰੁਕ ਨਹੀਂ ਰਹੀਆਂ, ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਨਿਰੰਤਰ ਬੇਅਦਬੀਆਂ ਹੋ ਰਹੀਆਂ ਹਨ, ਸਿੱਖਾਂ ਦੇ ਕਕਾਰਾਂ 'ਤੇ ਪਾਬੰਦੀਆਂ ਲੱਗ ਰਹੀਆਂ ਹਨ। ਸਿੱਖਾਂ ਨੂੰ ਆਪਣੀਆਂ ਕੌਮੀ ਇਛਾਵਾਂ ਅਤੇ ਉਮੀਦਾਂ ਦੀ ਪੂਰਤੀ ਲਈ ਕੌਮੀ ਘਰ ਖ਼ਾਲਿਸਤਾਨ ਦੀ ਆਜ਼ਾਦੀ ਦਾ ਸੰਘਰਸ਼ ਬੁਲੰਦ ਕਰਨਾ ਚਾਹੀਦਾ ਹੈ।

**- ਰਣਜੀਤ ਸਿੰਘ ਦਮਦਮੀ ਟਕਸਾਲ, (ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ),**
**ਮੋ : 88722-93883.**